# ਘਰੇਲੂ
# ਬਿਜਲਈ ਸੁਰੱਖਿਆ
# ਪੁਸਤਕਿਾ




機電工程署
EMSD

# ਵਿਸ਼ਾ - ਸੂਚੀ


## ਭਾਗ 1 ਜਾਣ-ਪਛਾਣ P1

## ਭਾਗ 2 ਘਰੇਲੂ ਬਜਿਲਈ ਉਪਕਰਨਾਂ ਲਈ ਸੁਰੱਖਿਆ ਦਸ਼ਿਾ ਨਰਿਦੇਸ਼

| | | |
|---|---|---|
| 2.1 | ਬਜਿਲਈ ਉਪਕਰਨਾਂ ਨੂੰ ਖਰੀਦਣ ਅਤੇ ਵਰਤਣ ਲਈ ਸੁਰੱਖਿਆ ਸੁਝਾਅ | P2 |
| 2.2 | ਬਜਿਲਈ ਉਪਕਰਨਾਂ ਦੀ ਸਾਂਭ-ਸੰਭਾਲ ਅਤੇ ਮੁਰੰਮਤ | P9 |
| 2.3 | ਵਅਿਕਤੀਗਤ ਬਜਿਲਈ ਉਪਕਰਨਾਂ ਲਈ ਵਧੇਰੇ ਸੁਰੱਖਿਆ ਸੁਝਾਅ | |
| 2.3.1 | ਪਲੱਗ | P10 |
| 2.3.2 | ਅਡੈਪਟਰ ਅਤੇ ਐਕਸਟੈਂਸ਼ਨ ਯੂਨਟਿ | P10 |
| 2.3.3 | ਟੀਵੀ ਸੈੱਟ ਅਤੇ ਹੋਰ ਆਡੀਓ-ਵੀਡੀਓ (AV) ਉਤਪਾਦ | P12 |
| 2.3.4 | ਬਜਿਲੀ ਵਾਲਾ ਪਾਣੀ ਦਾ ਹੀਟਰ | P13 |
| 2.3.5 | ਚਾਰਜਰ, ਏਸੀ ਅਡੈਪਟਰ ਅਤੇ ਪਾਵਰ ਟਰਾਂਸਫਾਰਮਰ | P15 |
| 2.3.6 | ਰੋਸ਼ਨੀ ਵਾਲੇ ਉਪਕਰਨ | P16 |
| 2.3.7 | ਏਅਰ ਕੰਡੀਸ਼ਨਰ ਅਤੇ ਡੀਹਊਿਮੀਡੀਫਾਇਰ | P17 |
| 2.3.8 | ਬਜਿਲੀ ਵਾਲੇ ਪੱਖੇ, ਨਕਿਾਸ ਪੱਖੇ ਅਤੇ ਕੁੱਕਰ ਹੁਡ | P18 |
| 2.3.9 | ਵਾਲ ਸੁਕਾਉਣ ਵਾਲੇ ਉਪਕਰਨ ਅਤੇ ਬਜਿਲਈ ਹੀਟਰ | P19 |
| 2.3.10 | ਬਜਿਲੀ ਵਾਲੀ ਪ੍ਰੈਸ | P20 |
| 2.3.11 | ਬਜਿਲੀ ਵਾਲੇ ਕੰਬਲ | P20 |
| 2.3.12 | ਬਜਿਲੀ ਵਾਲਾ ਚੌਲਾਂ ਦਾ ਕੁੱਕਰ ਅਤੇ ਕੇਤਲੀ/ਭਾਂਡੇ, ਆਦਿ। | P21 |
| 2.3.13 | ਬਜਿਲੀ ਵਾਲੇ ਖਾਣਾ ਪਕਾਉਣ ਵਾਲੇ ਓਵਨ | P22 |
| 2.3.14 | ਬਲੇਂਡਰ ਅਤੇ ਹੋਰ ਬਜਿਲੀ ਵਾਲੇ ਫੂਡ ਪ੍ਰੋਸੈਸਿੰਗ ਉਪਕਰਨ | P23 |
| 2.3.15 | ਫਰਿੱਜ | P23 |
| 2.3.16 | ਕੱਪੜੇ ਧੋਣ/ਸੁਕਾਉਣ ਵਾਲੀ ਮਸ਼ੀਨ | P23 |

2.3.17 ਬਜਿਲਈ ਮਛਲੀ ਘਰ ਉਪਕਰਨ P24
2.3.18 ਵੈਕਊਿਮ ਕਲੀਨਰ P25
2.3.19 ਫਰਨੀਚਰ ਵੱਿਚ ਫਟਿ ਕੀਤੇ ਬਜਿਲਈ ਉਪਕਰਨ P25
2.3.20 ਯਾਤਰਾ ਅਡੈਪਟਰ P26
2.4 ਅਸੁਰੱਖਅਿਤ ਬਜਿਲਈ ਉਪਕਰਨਾਂ ਨੂੰ ਵਾਪਸ ਮੰਗਵਾਉਣਾ P27

## ਭਾਗ 3 ਰਹਿਾਇਸ਼ੀ ਇਮਾਰਤਾਂ ਵੱਿਚ ਬਜਿਲਈ ਸਥਾਪਨਾਵਾਂ ਲਈ ਸੁਰੱਖਆਿ ਦਸ਼ਿਾ ਨਰਿਦੇਸ਼

3.1 ਬਜਿਲਈ ਸਥਾਪਨਾਵਾਂ ਅਤੇ ਉਨ੍ਹਾਂ ਦੇ ਮਾਲਕ
3.1.1 ਇਮਾਰਤਾਂ ਵੱਿਚ ਸਰਵਜਨਕ ਬਜਿਲਈ ਸਥਾਪਨਾਵਾਂ P28
3.1.2 ਰਹਿਾਇਸ਼ੀ ਇਕਾਈਆਂ ਵੱਿਚ ਬਜਿਲਈ ਸਥਾਪਨਾਵਾਂ P29
3.2 ਬਜਿਲਈ ਸਥਾਪਨਾਵਾਂ ਦੇ ਮਾਲਕਾਂ ਦੀਆਂ ਜ਼ੰਿਮੇਵਾਰੀਆਂ P29
3.3 ਪੰਜੀਕਰਤਿ ਬਜਿਲੀ ਠੇਕੇਦਾਰ ਅਤੇ ਕਰਮਚਾਰੀ P30
3.4 ਨਵੀਆਂ ਸਥਾਪਨਾਵਾਂ, ਵਾਧੇ ਜਾਂ ਤਬਦੀਲੀਆਂ P31
3.5 ਬਜਿਲਈ ਸਥਾਪਨਾਵਾਂ ਲਈ ਆਮ ਸੁਝਾਅ P33
3.6 ਸਮੇਂ-ਸਮੇਂ 'ਤੇ ਨਰਿੀਖਣ, ਜਾਂਚ ਅਤੇ ਪ੍ਰਮਾਣੀਕਰਣ P36
3.7 ਬਜਿਲਈ ਸਥਾਪਨਾਵਾਂ ਦੀ ਸਹੀ ਵਰਤੋਂ ਅਤੇ ਸਾਂਭ-ਸੰਭਾਲ P38
3.8 ਬਜਿਲਈ ਸਥਾਪਨਾਵਾਂ ਵੱਿਚ ਆਮ ਤੌਰ 'ਤੇ ਪਾਏ ਜਾਂਦੇ ਨੁਕਸ P39

## ਭਾਗ 4 ਪੁੱਛਗੱਿਛ ਜਾਂ ਸ਼ਕਿਾਇਤਾਂ P40

# ਭਾਗ 1 ਜਾਣ-ਪਛਾਣ

1. "ਬਜਿਲੀ ਸੁਰੱਖਿਆ" ਸ਼ਬਦ ਮੋਟੇ ਤੌਰ 'ਤੇ ਬਜਿਲੀ ਦੇ ਉਤਪਾਦਨ, ਪ੍ਰਸਾਰਣ, ਵੰਡ ਅਤੇ ਵਰਤੋਂ ਦੀ ਸੁਰੱਖਿਆ ਨੂੰ ਦਰਸਾਉਂਦਾ ਹੈ। ਜਿੱਥੋਂ ਤੱਕ ਆਮ ਲੋਕਾਂ ਦਾ ਸਬੰਧ ਹੈ, ਰਹਿਾਇਸ਼ੀ ਇਮਾਰਤਾਂ ਵਿੱਚ ਬਜਿਲੀ ਦੀ ਵੰਡ ਅਤੇ ਵਰਤੋਂ ਦੋ ਪਹਲਿੂ ਹਨ ਜਨ੍ਹਿਾਂ ਦਾ ਸਾਡੀ ਘਰੇਲੂ ਸੁਰੱਖਿਆ ਨਾਲ ਨੇੜਲਾ ਸੰਬੰਧ ਹੈ।

2. ਅਸੁਰੱਖਿਅਤ ਬਜਿਲੀ ਉਪਕਰਨ ਅਤੇ ਬਜਿਲਈ ਸਥਾਪਨਾਵਾਂ ਅੱਗ ਦਾ ਕਾਰਨ ਬਣ ਸਕਦੀਆਂ ਹਨ, ਅਤੇ ਉਨ੍ਹਾਂ ਦੀ ਵਰਤੋਂ ਬਜਿਲੀ ਦੇ ਝਟਕੇ ਅਤੇ ਸੱਟ ਦਾ ਕਾਰਨ ਵੀ ਬਣ ਸਕਦੀ ਹੈ। ਆਪਣੇ ਪਰਵਿਾਰਕ ਮੈਂਬਰਾਂ ਅਤੇ ਜਾਇਦਾਦਾਂ ਦੀ ਰੱਖਿਆ ਕਰਨ ਲਈ, ਤੁਹਾਨੂੰ ਬਜਿਲੀ ਦੀ ਸੁਰੱਖਿਆ ਵੱਲ ਧਆਿਨ ਦੇ ਕੇ ਇਹ ਲਾਜ਼ਮੀ ਤੌਰ 'ਤੇ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡੇ ਕੋਲ ਇੱਕ ਸੁਰੱਖਿਅਤ ਘਰੇਲੂ ਵਾਤਾਵਰਣ (ਤੁਹਾਡੀ ਇਮਾਰਤ ਅਤੇ ਰਹਿਾਇਸ਼ੀ ਇਕਾਈਆਂ ਸਮੇਤ) ਹੈ।






3. ਤੁਹਾਨੂੰ ਸੁਰੱਖਿਅਤ ਘਰੇਲੂ ਬਜਿਲੀ ਉਪਕਰਨ ਖਰੀਦਣੇ ਚਾਹੀਦੇ ਹਨ, ਅਤੇ ਉਨ੍ਹਾਂ ਦੀ ਸਹੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਉਚਤਿ ਦੇਖਭਾਲ ਕਰਨੀ ਚਾਹੀਦੀ ਹੈ। ਤੁਹਾਡੇ ਰਹਿਾਇਸ਼ੀ ਅਹਾਤੇ ਵਿੱਚ ਬਜਿਲੀ ਸਥਾਪਨਾਵਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ ਪੰਜੀਕਰਤਿ ਬਜਿਲਈ ਠੇਕੇਦਾਰਾਂ ਨੂੰ ਸਮੇਂ-ਸਮੇਂ 'ਤੇ ਨਰਿੀਖਣ ਅਤੇ ਰੱਖ-ਰਖਾਅ ਕਰਨ ਲਈ ਨਯੁਿਕਤ ਕਰਨਾ ਚਾਹੀਦਾ ਹੈ, ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੋਈ ਅਵੈਧ ਜੋੜ ਜਾਂ ਪਰਵਿਰਤਨ ਨਾ ਹੋਣ।

# ਭਾਗ 2 ਘਰੇਲੂ ਬਜਿਲਈ ਉਪਕਰਨਾਂ ਲਈ ਸੁਰੱਖਿਆ ਦਸ਼ਿਾ ਨਰਿਦੇਸ਼


## 2.1 ਬਜਿਲਈ ਉਪਕਰਨਾਂ ਨੂੰ ਖਰੀਦਣ ਅਤੇ ਵਰਤਣ ਲਈ ਸੁਰੱਖਿਆ ਸੁਝਾਅ

1. ਹਾਂਗ ਕਾਂਗ ਵੱਿਚ ਵਰਤਣ ਲਈ ਸਰਿਫ਼ ਉਹ ਬਜਿਲਈ ਉਪਕਰਨ ਹੀ ਖਰੀਦੋ ਜੋ ਸਥਾਨਕ ਕਾਨੂੰਨੀ ਸੁਰੱਖਿਆ ਮਆਿਰਾਂ (ਨੋਟ 1 ਦੇਖੋ) ਨੂੰ ਪੂਰਾ ਕਰਦੇ ਹਨ। ਹਾਂਗ ਕਾਂਗ ਦੇ ਬਾਹਰੋਂ ਖਰੀਦੇ ਗਏ ਬਜਿਲਈ ਉਪਕਰਨ ਸਥਾਨਕ ਬਜਿਲੀ ਸਪਲਾਈ ਦੀਆਂ ਸਥਤਿੀਆਂ (ਜਵਿੇਂ ਕ ਿਦਰਜਾਬੰਦੀ ਵੋਲਟੇਜ ਅਤੇ ਬਾਰੰਬਾਰਤਾ) ਅਤੇ ਵਾਤਾਵਰਣ ਦੀਆਂ ਸਥਤਿੀਆਂ (ਜਵਿੇਂ ਕ ਿਤਾਪਮਾਨ ਅਤੇ ਨਮੀ) ਵੱਿਚ ਵਰਤਣ ਲਈ ਢੁਕਵੇਂ ਨਹੀਂ ਹੋ ਸਕਦੇ ਹਨ।





2. ਬਜਿਲਈ ਉਪਕਰਨਾਂ ਨੂੰ ਚੱਤਿਰ ਵਚਿ ਦਰਸਾਏ ਅਨੁਸਾਰ ਸਹੀ ਢੰਗ ਨਾਲ ਚੰਿਨ੍ਹਤਿ ਕੀਤਾ ਜਾਣਾ ਚਾਹੀਦਾ ਹੈ, ਜਾਂ ਅਜਹਿੀ ਨਸ਼ਿਾਨਦੇਹੀ ਨੂੰ ਦਰਸਾਉਂਦਾ ਸੂਚਨਾ ਪੱਤਰ ਹੋਣਾ ਚਾਹੀਦਾ ਹੈ।

- ਨਰਿਮਾਤਾ ਦਾ ਨਾਮ ਜਾਂ ਟ੍ਰੇਜ ਮਾਰਕ
- ਮਾਡਲ 3388
- ਦਰਜਾਬੰਦੀ ਵੋਲਟੇਜ- V ਜਾਂ ਵੋਲਟਸ
- ਦਰਜਾਬੰਦੀ ਬਾਰੰਬਾਰਤਾ - Hz ਜਾਂ Hertz
- ਦਰਜਾਬੰਦੀ ਖਪਤ (ਦਰਜਾਬੰਦੀ ਕਰੰਟ - A. ਐਂਪੀਅਰ ਜਾਂ ਐਂਪੀਅਰਸ: ਜਾਂ ਰੇਟ ਪਾਵਰ - W ਜਾਂ ਵਾਟਸ)
- ਦੋਹਰੀ ਇਨਸੂਲੇਸ਼ਨ ਜਾਂ ਰੀਇਨਫੋਰਸਡ ਇਨਸੂਲੇਸ਼ਨ (ਜੇ ਲਾਗੂ ਹੋਵੇ)




3. ਸਥਰਿ ਬਜਿਲਈ ਉਪਕਰਨਾਂ (ਜਵਿੇਂ ਕ ਿਛੱਤ ਦੀਆਂ ਲਾਈਟਾਂ ਅਤੇ ਬਜਿਲੀ ਵਾਲਾ ਪਾਣੀ ਦਾ ਹੀਟਰ) ਤੋਂ ਇਲਾਵਾ ਜੋ ਸਾਕੇਟ ਆਊਟਲੈਟਾਂ ਤੋਂ ਬਜਿਲੀ ਸਪਲਾਈ ਪ੍ਰਾਪਤ ਨਹੀਂ ਕਰਦੇ, ਇੱਕ ਬਜਿਲਈ ਉਪਕਰਨ ਨੂੰ 3-ਪੰਿਨ ਪਲੱਗ ਦੀ ਵਰਤੋਂ ਕਰਨੀ ਚਾਹੀਦੀ ਹੈ ਜੋ ਸੁਰੱਖਆਿ ਮਾਪਦੰਡਾਂ ਨੂੰ ਪੂਰਾ ਕਰਦਾ ਹੋਵੇ।




4. 2-ਪੰਿਨ ਪਲੱਗ ਨਾਲ ਫ਼ਿੱਟ ਕੀਤਾ ਕੋਈ ਵੀ ਉਪਕਰਨ ਨਾ ਖਰੀਦੋ ਜਾਂ ਨਾ ਵਰਤੋ ਜਦੋਂ ਤੱਕ ਇਹ 2-ਪੰਿਨ ਗੋਲ ਪੰਿਨ ਪਲੱਗ ਨਾਲ ਫ਼ਿੱਟ ਨਾ ਹੋਵੇ ਜੋ ਸੁਰੱਖਆਿ ਮਾਪਦੰਡਾਂ BS4573 ਜਾਂ EN50075 ਦੀ ਪਾਲਣਾ ਕਰਦਾ ਹੋਵੇ ਅਤੇ ਬਾਥਰੂਮ ਵੱਿਚ ਸ਼ੇਵਰ ਸਪਲਾਈ ਯੂਨਟਿ (ਜਵਿੇਂ ਕ ਿਬਜਿਲਈ ਸ਼ੇਵਰ, ਦੰਦਾਂ ਵਾਲਾ ਬੁਰਸ਼ ਜਾਂ ਵਾਲਾਂ ਨੂੰ ਹਟਾਉਣ ਵਾਲਾ ਸੰਦ) ਤੋਂ ਬਜਿਲੀ ਪ੍ਰਾਪਤ ਕਰਨ ਲਈ ਤਆਿਰ ਕੀਤਾ ਗਆਿ ਹੋਵੇ।

BS4573 / EN50075




5. ਸਾਕਟਾਂ ਤੋਂ ਬਜਿਲੀ ਦੀ ਸਪਲਾਈ ਨਾ ਕੀਤੇ ਜਾਣ ਵਾਲੇ ਸਾਰੇ ਸਥਰਿ ਬਜਿਲਈ ਉਪਕਰਨਾਂ ਦਾ ਪਾਵਰ ਕੁਨੈਕਸ਼ਨ ਇੱਕ ਪੰਜੀਕਰਤਿ ਬਜਿਲਈ ਠੇਕੇਦਾਰ ਦੁਆਰਾ ਕੀਤਾ ਜਾਣਾ ਚਾਹੀਦਾ ਹੈ (ਵੇਰਵਆਿਂ ਲਈ ਭਾਗ 3 ਦੇਖੋ)।

6. ਬਜਿਲੀ ਦੇ ਝਟਕੇ ਨੂੰ ਰੋਕਣ ਲਈ, ਬਜਿਲਈ ਉਪਕਰਨਾਂ ਨੂੰ ਪ੍ਰਭਾਵੀ ਢੰਗ ਨਾਲ ਅਰਥ ਕੀਤਾ ਜਾਣਾ ਚਾਹੀਦਾ ਹੈ, ਯਾਨੀ ਕਿ ਬਜਿਲੀ ਦੇ ਉਪਕਰਨ ਦੀ ਧਾਤ ਦੀ ਲਪੇਟ ਇਸਦੇ ਪਲੱਗ ਦੇ "ਅਰਥ" ਪਿੰਨ ਨਾਲ ਜੁੜੀ ਹੋਈ ਹੋਣੀ ਚਾਹੀਦੀ ਹੈ। ਅਰਥ ਦੇ ਕੁਨੈਕਸ਼ਨ ਤੋਂ ਬਨਿਾਂ ਬਜਿਲੀ ਦੇ ਉਪਕਰਨ ਡਬਲ ਇਨਸੂਲੇਸ਼ਨ ਜਾਂ ਰੀਇਨਫੋਰਸਡ ਇਨਸੂਲੇਸ਼ਨ ਡਜ਼ਿਾਈਨ ਦੇ ਹੋਣੇ ਚਾਹੀਦੇ ਹਨ, ਅਤੇ ਅਜਹਿੇ ਉਪਕਰਨਾਂ ਵੱਿਚ ਆਮ ਤੌਰ 'ਤੇ " ⧈ " ਚੰਿਨ੍ਹ ਹੁੰਦਾ ਹੈ।

7. ਬਜਿਲਈ ਉਪਕਰਨਾਂ ਦੇ ਨਾਲ ਸਹੀ ਸੰਚਾਲਨ ਮੈਨੂਅਲ ਹੋਣਾ ਚਾਹੀਦਾ ਹੈ ਜਸਿ ਵਿਚ ਸਥਾਪਨਾ (ਇੰਸਟਾਲੇਸ਼ਨ), ਜੋੜਣ (ਅਸੈਂਬਲੀ) ਅਤੇ ਚਲਾਉਣ (ਓਪਰੇਟੀਂਗ) ਦੀਆਂ ਪ੍ਰਕਰਿਆਿਵਾਂ ਅਤੇ ਸੁਰੱਖਿਆ ਸਾਵਧਾਨੀਆਂ ਦਾ ਵਰਣਨ ਕੀਤਾ ਗਿਆ ਹੋਵੇ। ਬਜਿਲੀ ਦੇ ਉਪਕਰਨਾਂ ਦੀ ਵਰਤੋਂ ਕਰਦੇ ਸਮੇਂ, ਮੈਨੂਅਲ ਵੱਿਚ ਦੱਿਤੀਆਂ ਹਦਾਇਤਾਂ ਦੀ ਪਾਲਣਾ ਕਰੋ।





8. 200V ਏ.ਸੀ. ਤੋਂ ਘੱਟ ਦਰਜਾਬੰਦ ਵੋਲਟੇਜ ਵਾਲਾ ਕੋਈ ਵੀ ਬਜਿਲਈ ਉਪਕਰਨ (ਜਵਿੇਂ ਕਿ 110V ਏ.ਸੀ. ਲਈ ਦਰਜਾਬੰਦ ਆਡੀਓ ਵੀਡੀਓ (AV) ਉਪਕਰਨ) ਨੂੰ ਹਾਂਗ ਕਾਂਗ ਵੱਿਚ 220V ਏ.ਸੀ. ਘਰੇਲੂ ਬਜਿਲੀ ਸਪਲਾਈ ਸਸਿਟਮ ਨਾਲ ਸੱਿਧਾ ਨਹੀਂ ਜੋੜਣਾ ਚਾਹੀਦਾ। ਅਜਹਿੇ ਕਸਿੇ ਵੀ ਉਪਕਰਨ 'ਤੇ ਉਚਤਿ ਚੇਤਾਵਨੀ ਲੇਬਲ ਹੋਣੇ ਚਾਹੀਦੇ ਹਨ।

**警告 ਚੇਤਾਵਨੀ**

此產品不應直接接駁香港的電力供應系統，
否則可導致人身受傷或財產受損。

ਇਸ ਉਤਪਾਦ ਨੂੰ ਹਾਂਗ ਕਾਂਗ ਵੱਿਚ ਬਜਿਲੀ ਸਪਲਾਈ ਸਸਿਟਮ ਨਾਲ ਸੱਿਧਾ ਕਨੈਕਟ ਨਹੀਂ ਕੀਤਾ ਜਾਣਾ ਚਾਹੀਦਾ ਹੈ। ਨਹੀ ਤਾਂ, ਨੱਿਜੀ ਸੱਟ ਜਾਂ ਸੰਪਤੀ ਨੂੰ ਨੁਕਸਾਨ ਹੋ ਸਕਦਾ ਹੈ।

9. ਜੇਕਰ ਬਜਿਲਈ ਉਪਕਰਨ 'ਤੇ ਕੋਈ ਵੋਲਟੇਜ ਚੋਣਕਾਰ ਹੈ, ਤਾਂ ਕਰਿਪਾ ਕਰਕੇ ਇਸਨੂੰ 220V ਏ.ਸੀ.(ਹਾਂਗ ਕਾਂਗ ਘਰੇਲੂ ਵੋਲਟੇਜ) 'ਤੇ ਸੈੱਟ ਕਰੋ। ਨਹੀਂ ਤਾਂ, ਉਪਕਰਨ ਨੂੰ ਨੁਕਸਾਨ ਹੋ ਸਕਦਾ ਹੈ ਅਤੇ ਅੱਗ ਲੱਗ ਸਕਦੀ ਹੈ।





10. ਵਰਤਣ ਤੋਂ ਪਹਲਿਾਂ, ਬਜਿਲਈ ਉਪਕਰਨਾਂ (ਪਲੱਗ ਅਤੇ ਪਾਵਰ ਤਾਰ ਸਮੇਤ) ਦੀ ਜਾਂਚ ਕਰੋ ਕ‌ਿ ਕੀ ਇਹ ਖਰਾਬ ਜਾਂ ਟੁੱਟਿਆ ਤਾਂ ਨਹੀ ਹੈ, ਖਾਸ ਕਰਕੇ ਜੇ ਇਹ ਲੰਬੇ ਸਮੇਂ ਤੋਂ ਨਹੀ ਵਰਤਿਆ ਗਿਆ ਹੈ।




11. ਸਥਰਿਤਾ ਨਾਲ ਕੰਮ ਕਰਨ ਲਈ ਬਜਿਲਈ ਉਪਕਰਨਾਂ ਨੂੰ ਸਹੀ ਢੰਗ ਅਤੇ ਇੱਕ ਠੋਸ ਢਾਂਚੇ ਨਾਲ ਸਥਾਪਤਿ ਕੀਤਾ ਜਾਣਾ ਚਾਹੀਦਾ ਹੈ। ਸਾਧਾਰਨ ਸੰਚਾਲਨ ਦੇ ਤਹਤਿ, ਉਪਕਰਨ ਦੇ ਜ਼ਿਆਦਾ ਗਰਮ ਹੋਣ (ਜਵਿੇਂ ਕ‌ਿ ਬੇਰੰਗ ਹੋਣਾ, ਝੁਲਸਣਾ, ਅਤੇ ਵਗਿਾੜ) ਜਾਂ ਸ਼ੁਰੂ ਕਰਨ ਵਿੱਚ ਮੁਸ਼ਕਲ, ਬਹੁਤ ਜ਼ਿਆਦਾ ਸ਼ੋਰ ਜਾਂ ਕੰਬਣ, ਦਰਾੜ ਜਾਂ ਢਿੱਲੇ ਹਸਿੇ ਦਾ ਕੋਈ ਸੰਕੇਤ ਨਹੀ ਹੋਣਾ ਚਾਹੀਦਾ ਹੈ। ਜੇਕਰ ਤੁਹਾਨੂੰ ਕਸਿੇ ਬਜਿਲਈ ਉਪਕਰਨ ਦੀ ਸੁਰੱਖਿਆ ਬਾਰੇ ਕੋਈ ਸ਼ੱਕ ਹੈ, ਤਾਂ ਇਸਦੀ ਵਰਤੋਂ ਬੰਦ ਕਰੋ ਅਤੇ ਕਸਿੇ ਤਜਰਬੇਕਾਰ ਮਸਿਤਰੀ ਤੋਂ ਇਸ ਦੀ ਜਾਂਚ ਕਰਵਾਓ।




12. ਕਸਿੇ ਬਜਿਲਈ ਉਪਕਰਨ ਨੂੰ ਸਾਕੇਟ ਆਊਟਲੈਟ ਵਿੱਚ ਮਜ਼ਬੂਤੀ ਨਾਲ ਪਲੱਗ ਕਰਨ ਤੋਂ ਬਾਅਦ ਹੀ ਚਾਲੂ ਕਰੋ, ਅਤੇ ਬਜਿਲੀ ਦੇ ਉਪਕਰਨ ਨੂੰ ਬੰਦ ਕਰਨ ਤੋਂ ਬਾਅਦ ਹੀ ਉਸਦਾ ਪਲੱਗ ਬਾਹਰ ਕੱਢੋ। ਨਹੀ ਤਾਂ, ਇਹ ਚੰਗਆਿੜੀ ਤੋਂ ਪੈਦਾ ਹੋਣ ਵਾਲੇ ਖ਼ਤਰੇ ਦਾ ਕਾਰਨ ਬਣ ਸਕਦਾ ਹੈ।




13. ਬਿਜਲੀ ਦੇ ਉਪਕਰਨ ਨੂੰ ਇਸਦੀ ਲਚਕਦਾਰ ਪਾਵਰ ਤਾਰ ਤੋਂ ਖਿੱਚ ਕੇ ਬਾਹਰ ਨਾ ਕੱਢੋ। ਨਹੀਂ ਤਾਂ, ਇਹ ਤਾਰ ਦੇ ਕੁਨੈਕਸ਼ਨ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਖ਼ਤਰੇ ਦਾ ਕਾਰਨ ਬਣ ਸਕਦਾ ਹੈ।





14. ਇਹ ਸੁਨਿਸ਼ਚਿਤ ਕਰੋ ਕਿ ਗਰਮੀ ਦੇ ਨਿਕਾਸ ਲਈ ਬਿਜਲਈ ਉਪਕਰਨ ਦੇ ਆਲੇ ਦੁਆਲੇ ਲੋੜੀਂਦੀ ਜਗ੍ਹਾ ਹੈ। ਜ਼ਿਆਦਾ ਗਰਮ ਹੋਣ ਅਤੇ ਅੱਗ ਨੂੰ ਰੋਕਣ ਲਈ, ਬਿਜਲੀ ਦੇ ਉਪਕਰਨਾਂ ਨੂੰ ਢੱਕੋ ਜਾਂ ਉਹਨਾਂ ਦੇ ਆਲੇ ਦੁਆਲੇ ਵਸਤੂਆਂ ਨਾ ਰੱਖੋ। ਟੀਵੀ ਸੈੱਟ ਅਤੇ ਹੋਰ AV ਉਤਪਾਦ, ਚਾਰਜਰ, ਰੋਸ਼ਨੀ ਵਾਲੇ ਉਪਕਰਨ, ਬਿਜਲਈ ਪੱਖੇ, ਬਿਜਲਈ ਹੀਟਰ, ਫਰਿੱਜ ਅਤੇ ਕੱਪੜੇ ਧੋਣ/ਸੁਕਾਉਣ ਵਾਲੀ ਮਸ਼ੀਨ ਆਦਿ 'ਤੇ ਵਿਸ਼ੇਸ਼ ਧਿਆਨ ਦੀ ਲੋੜ ਹੁੰਦੀ ਹੈ।




15. ਜ਼ਿਆਦਾ ਬਿਜਲੀ ਦੀ ਖਪਤ ਵਾਲੇ ਬਿਜਲੀ ਉਪਕਰਨ (ਜਿਵੇਂ ਕਿ ਏਅਰ-ਕੰਡੀਸ਼ਨਰ, ਡੀਹਿਊਮਿਡੀਫਾਇਰ, ਬਿਜਲਈ ਹੀਟਰ, ਬਿਜਲੀ ਵਾਲਾ ਪਾਣੀ ਦਾ ਹੀਟਰ, ਕੇਤਲੀ/ਭਾਂਡੇ, ਬਿਜਲੀ ਵਾਲਾ ਚੌਲਾਂ ਦਾ ਕੁੱਕਰ ਅਤੇ ਕੱਪੜੇ ਧੋਣ/ਸੁਕਾਉਣ ਵਾਲੀ ਮਸ਼ੀਨ) ਨੂੰ ਇੱਕ ਇਕੱਲੇ ਸਥਿਰ ਸਾਕਟ ਆਊਟਲੈਟ ਤੋਂ ਪਾਵਰ ਸਪਲਾਈ ਪ੍ਰਾਪਤ ਹੋਣੀ ਚਾਹੀਦੀ ਹੈ ਜਿਸ ਨਾਲ ਕਿਸੇ ਵੀ ਹੋਰ ਉਪਕਰਨ ਨੂੰ ਜੋੜਨ ਤੋਂ ਬਚਣਾ ਚਾਹੀਦਾ ਹੈ।



16. ਬੱਚਿਆਂ ਨੂੰ ਬਿਜਲਈ ਉਪਕਰਨਾਂ ਨੂੰ ਚਲਾਉਣ ਤੋਂ ਦੂਰ ਰੱਖੋ, ਖਾਸ ਤੌਰ 'ਤੇ ਉਹਨਾਂ ਉਪਕਰਨਾਂ ਤੋਂ ਜਿਨ੍ਹਾਂ ਵਿਚ ਗਰਮ ਹੋਣ ਵਾਲੇ ਜਾਂ ਘੁੰਮਣ ਵਾਲੇ ਹਿੱਸੇ (ਜਿਵੇਂ ਕਿ ਰੋਸ਼ਨੀ ਵਾਲੇ ਉਪਕਰਨ, ਵਾਲ ਸੁਕਾਉਣ ਵਾਲੇ ਉਪਕਰਨ, ਪ੍ਰੈਸ, ਬਿਜਲੀ ਵਾਲੇ ਹੀਟਰ, ਬਿਜਲੀ ਵਾਲੇ ਖਾਣਾ ਪਕਾਉਣ ਵਾਲੇ ਓਵਨ, ਬਿਜਲੀ ਵਾਲੇ ਪੱਖੇ ਅਤੇ ਕੱਪੜੇ ਧੋਣ/ਸੁਕਾਉਣ ਵਾਲੀ ਮਸ਼ੀਨ) ਹੋਣ।




17. ਕਿਸੇ ਵੀ ਬਿਜਲਈ ਉਪਕਰਨ ਦੀ ਲਚਕਦਾਰ ਪਾਵਰ ਤਾਰ ਨੂੰ ਕਦੇ ਵੀ ਕਿਸੇ ਗਰਮ ਵਸਤੂ (ਜਿਵੇਂ ਕਿ ਬਿਜਲੀ ਵਾਲੇ ਸਟੋਵ, ਬਿਜਲੀ ਵਾਲੇ ਹੀਟਰ) ਦੇ ਸੰਪਰਕ ਵਿੱਚ ਜਾਂ ਨੇੜੇ ਨਾ ਆਉਣ ਦਿਓ।




18. ਖ਼ਤਰੇ ਤੋਂ ਬਚਣ ਲਈ, ਕਿਸੇ ਵੀ ਬਿਜਲੀ ਦੇ ਉਪਕਰਨ ਅੰਦਰ ਪਾਣੀ ਨਾ ਵੜਨ ਦਿਓ ਜਾਂ ਉਸ 'ਤੇ ਪਾਣੀ ਵਾਲਾ ਕੋਈ ਭਾਂਡਾ ਨਾ ਰੱਖੋ। ਬਿਜਲੀ ਦੇ ਉਪਕਰਨਾਂ ਨੂੰ ਖਿੜਕੀਆਂ ਜਾਂ ਬਾਲਕੋਨੀਆਂ ਤੋਂ ਦੂਰ ਰੱਖੋ।






19. ਬਿਜਲੀ ਦੇ ਝਟਕੇ ਤੋਂ ਬਚਣ ਲਈ, ਗਿੱਲੇ ਜਾਂ ਨਮੀ ਵਾਲੇ ਵਾਤਾਵਰਣ (ਜਿਵੇਂ ਬਾਥਰੂਮ ਜਾਂ ਰਸੋਈ) ਵਿੱਚ ਕਿਸੇ ਵੀ ਐਕਸਟੈਂਸ਼ਨ ਯੂਨਿਟ ਦੀ ਵਰਤੋਂ ਕਰਨ ਤੋਂ ਬਚੋ। ਅਜਿਹੇ ਮਾਹੌਲ ਵਿੱਚ ਬਿਜਲੀ ਦੇ ਉਪਕਰਨ ਦੀ ਵਰਤੋਂ ਕਰਦੇ ਸਮੇਂ ਬਹੁਤ ਸਾਵਧਾਨੀ ਰੱਖਣੀ ਚਾਹੀਦੀ ਹੈ।



20. ਗਿੱਲੇ ਹੱਥਾਂ ਨਾਲ ਕਿਸੇ ਵੀ ਬਿਜਲੀ ਦੇ ਉਪਕਰਨ, ਸਾਕਟ ਆਊਟਲੇਟਾਂ ਜਾਂ ਸਵਿੱਚਾਂ ਨੂੰ ਛੂਹਣ ਤੋਂ ਬਚੋ।



21. ਉਪਕਰਨ ਨੂੰ ਇੱਕ ਸਮਤਲ, ਠੋਸ ਸਤ੍ਹਾ 'ਤੇ ਰੱਖੋ ਅਤੇ ਯਕੀਨੀ ਬਣਾਓ ਕਿ ਇਸਦੀ ਲਚਕਦਾਰ ਪਾਵਰ ਤਾਰ ਬਹੁਤ ਜ਼ਿਆਦਾ ਦਬਾਅ ਹੇਠ ਨਹੀ ਹੈ।



22. ਕਿਸੇ ਚੱਲ ਰਹੇ ਬਿਜਲਈ ਉਪਕਰਨ ਦੇ ਨੇੜੇ ਕਿਸੇ ਵੀ ਜਲਣਸ਼ੀਲ ਰਸਾਇਣਕ ਪਦਾਰਥ (ਜਿਵੇਂ ਕੀਟਨਾਸ਼ਕ ਅਤੇ ਥਿਨਰ) ਦੀ ਵਰਤੋਂ ਨਾ ਕਰੋ।



23. ਸੁਰੱਖਿਆ ਕਾਰਨਾਂ ਕਰਕੇ, ਬਾਹਰ ਜਾਣ ਤੋਂ ਪਹਿਲਾਂ ਬਿਜਲੀ ਦੇ ਉਪਕਰਨਾਂ (ਜ਼ਰੂਰੀ ਉਪਕਰਨਾਂ ਨੂੰ ਛੱਡ ਕੇ) ਬੰਦ ਕਰ ਦੇਣਾ ਚਾਹੀਦਾ ਹੈ।






24. ਕੁਝ ਬਿਜਲਈ ਉਪਕਰਨਾਂ ਦਾ ਅਰੰਭਕ ਕਰੰਟ ਆਮ ਵਰਤੋਂ ਨਾਲੋਂ ਕਈ ਗੁਣਾ ਵੱਧ ਹੋ ਸਕਦਾ ਹੈ, ਇਸ ਲਈ, ਜਦੋਂ ਬਿਜਲੀ ਚਲੀ ਜਾਂਦੀ ਹੈ, ਤਾਂ ਸਰਕਟ ਨੂੰ ਤੁਰੰਤ ਜ਼ਿਆਦਾ ਗਰਮ ਹੋਣ ਅਤੇ ਬਿਜਲੀ ਦੇ ਬਹਾਲ ਹੋਣ 'ਤੇ ਇੱਕ ਹੋਰ ਪਾਵਰ ਕੱਟ ਤੋਂ ਬੱਚਣ ਲਈ ਬਿਜਲੀ ਦੇ ਵੱਡੇ ਉਪਕਰਨਾਂ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਜੇਕਰ ਗਰਮ ਜਾਂ ਘੁੰਮਣ ਵਾਲੇ ਹਿੱਸੇ ਵਾਲੇ ਬਿਜਲੀ ਉਪਕਰਨ ਉਪਭੋਗਤਾ ਦੀ ਪੂਰਵ ਜਾਣਕਾਰੀ ਤੋਂ ਬਿਨਾਂ ਚਲਦਾ ਹੈ, ਤਾਂ ਇਹ ਸੱਟ ਦਾ ਕਾਰਨ ਬਣ ਸਕਦਾ ਹੈ।

## 2.2 ਬਜਿਲਈ ਉਪਕਰਨਾਂ ਦੀ ਸਾਂਭ-ਸੰਭਾਲ ਅਤੇ ਮੁਰੰਮਤ

1. ਸਮੇਂ-ਸਮੇਂ 'ਤੇ ਬਜਿਲੀ ਦੇ ਉਪਕਰਨਾਂ ਨੂੰ ਸਾਫ਼ ਕਰਨ ਲਈ ਉਪਯੋਗਕਰਤਾ ਮੈਨੂਅਲ ਵੱਿਚ ਦੱਿਤੀਆਂ ਹਦਾਇਤਾਂ ਦੀ ਪਾਲਣਾ ਕਰੋ। ਸਫਾਈ ਕਰਨ ਤੋਂ ਪਹਲਿਾਂ ਬਜਿਲੀ ਦੇ ਉਪਕਰਨਾਂ ਦਾ ਪਲੱਗ ਬਾਹਰ ਕੱਢੋ।



2. ਯਕੀਨੀ ਬਣਾਓ ਕ ਿਬਜਿਲੀ ਉਪਕਰਨ ਦਾ ਕੰਮ ਕਰਨ ਵਾਲਾ ਵਾਤਾਵਰਣ (ਜਵਿੇਂ ਕ ਿਤਾਪਮਾਨ, ਨਮੀ) ਉਪਯੋਗਕਰਤਾ ਮੈਨੂਅਲ ਵੱਿਚ ਦਰਸਾਏ ਹਾਲਾਤਾਂ ਦੀ ਪਾਲਣਾ ਕਰਦਾ ਹੈ।


3. ਬਜਿਲੀ ਦੇ ਉਪਕਰਨਾਂ ਦੀ ਨਯਿਮਤ ਜਾਂਚ ਅਤੇ ਰੱਖ-ਰਖਾਅ ਕਰਨ ਲਈ ਤਜਰਬੇਕਾਰ ਮਸਿਤਰੀਆਂ ਨੂੰ ਨਯੁਿਕਤ ਕਰੋ।



## 2.3 ਨੱਜੀ ਬਜਿਲਈ ਉਪਕਰਨਾਂ ਲਈ ਵਾਧੂ ਸੁਰੱਖਿਆ ਸੁਝਾਅ


1. **ਪਲੱਗ**

- ਸਰਿਫ਼ 3-ਪੰਿਨ ਪਲੱਗ ਖਰੀਦੋ ਅਤੇ ਵਰਤੋ ਜੋ ਸੁਰੱਖਿਆ ਲੋੜਾਂ ਨੂੰ ਪੂਰਾ ਕਰਦੇ ਹਨ।
- 3-ਪੰਿਨ ਪਲੱਗ ਨੂੰ ਚੱਤਿਰ ਵੱਿਚ ਦਖਿਾਈ ਗਈ ਸਾਰੀ ਜਾਣਕਾਰੀ ਨਾਲ ਮਾਰਕ ਕੀਤਾ ਜਾਣਾ ਚਾਹੀਦਾ ਹੈ।





2. **ਅਡੈਪਟਰ ਅਤੇ ਐਕਸਟੈਂਸ਼ਨ ਯੂਨਟਿ**


- ਸਰਿਫ਼ ਉਨ੍ਹਾਂ ਅਡੈਪਟਰ ਅਤੇ ਐਕਸਟੈਂਸ਼ਨ ਯੂਨਟਿਾਂ ਨੂੰ ਖਰੀਦੋ ਅਤੇ ਵਰਤੋ ਜੋ ਸੁਰੱਖਿਆ ਲੋੜਾਂ ਨੂੰ ਪੂਰਾ ਕਰਦੇ ਹਨ।
- ਸਾਕਟ ਦੇ ਛੇਕਾਂ ਵਚਿ ਸੁਰੱਖਿਆ ਸ਼ਟਰ ਲੱਗੇ ਹੋਣੇ ਚਾਹੀਦੇ ਹਨ।




- ਅਜਿਹਾ ਕੋਈ ਵੀ ਅਡੈਪਟਰ ਜਾਂ ਐਕਸਟੈਂਸ਼ਨ ਯੂਨਿਟ ਨਾ ਖਰੀਦੋ ਅਤੇ ਨਾ ਹੀ ਵਰਤੋ ਜਿਸ ਵਿਚ ਅਨਿਯਮਿਤ ਸਾਕੇਟ ਛੇਕ ਹੋਣ। ਹਰੇਕ ਸਾਕਟ ਵਿਚ ਸਿਰਫ਼ ਇੱਕ ਕਿਸਮ ਦਾ ਪਲੱਗ ਹੀ ਲਗਾਉਣਾ ਚਾਹੀਦੀ ਹੈ।




- ਸਰਕਟ ਜ਼ਿਆਦਾ ਗਰਮ ਹੋਣ ਅਤੇ ਅੱਗ ਨੂੰ ਰੋਕਣ ਲਈ, ਆਊਟਲੈੱਟ ਵਿੱਚ ਇੱਕ ਤੋਂ ਵੱਧ ਅਡੈਪਟਰ ਜਾਂ ਐਕਸਟੈਂਸ਼ਨ ਯੂਨਿਟ ਨਹੀ ਲਗਾਉਣੀ ਚਾਹੀਦੀ। ਕਿਸੇ ਵੀ ਅਡੈਪਟਰ ਨੂੰ ਕਿਸੇ ਐਕਸਟੈਂਸ਼ਨ ਯੂਨਿਟ ਵਿੱਚ ਪਲੱਗ ਨਹੀ ਕੀਤਾ ਜਾਣਾ ਚਾਹੀਦਾ ਹੈ ਅਤੇ ਇਸਦੇ ਉਲਟ ਕਿਸੇ ਵੀ ਐਕਸਟੈਂਸ਼ਨ ਯੂਨਿਟ ਨੂੰ ਕਿਸੇ ਅਡੈਪਟਰ ਵਿੱਚ ਪਲੱਗ ਨਹੀਂ ਕੀਤਾ ਜਾਣਾ ਚਾਹੀਦਾ ਹੈ।




- 2-ਪਿੰਨ ਪਲੱਗ ਨੂੰ 3-ਪਿੰਨ ਸਾਕਟ ਛੇਕ, ਅਡੈਪਟਰ ਜਾਂ ਐਕਸਟੈਂਸ਼ਨ ਯੂਨਿਟ ਵਿੱਚ ਜ਼ਬਰਦਸਤੀ ਨਾ ਲਗਾਓ।




- ਜੇਕਰ ਅਡੈਪਟਰ ਜਾਂ ਐਕਸਪੈਂਸ਼ਨ ਯੂਨਿਟ ਦਾ ਸਾਕਟ ਛੇਕ ਪਲੱਗ ਨੂੰ ਸੁਰੱਖਿਅਤ ਢੰਗ ਨਾਲ ਨਹੀਂ ਰੱਖਦਾ ਜਾਂ ਪਲੱਗ ਪਾਉਣਾ ਬਹੁਤ ਮੁਸ਼ਕਲ ਹੈ, ਤਾਂ ਅਡੈਪਟਰ ਜਾਂ ਐਕਸਟੈਂਸ਼ਨ ਯੂਨਿਟ ਦੀ ਵਰਤੋਂ ਬੰਦ ਕਰ ਦਿਓ।



- ਗਿੱਲੇ ਜਾਂ ਨਮੀ ਵਾਲੇ ਵਾਤਾਵਰਨ (ਜਿਵੇਂ ਬਾਥਰੂਮ ਅਤੇ ਰਸੋਈ) ਵਿੱਚ ਕੋਈ ਵੀ ਐਕਸਟੈਂਸ਼ਨ ਯੂਨਿਟ ਨਾ ਰੱਖੋ।




- ਕਿਸੇ ਵੀ ਐਕਸਟੈਂਸ਼ਨ ਯੂਨਿਟ ਨੂੰ ਇਸਦੀ ਲਚਕਦਾਰ ਪਾਵਰ ਤਾਰ ਦੁਆਰਾ ਲਟਕਾ ਕੇ ਨਾ ਰੱਖੋ। ਨਹੀਂ ਤਾਂ, ਇਹ ਤਾਰ ਦੇ ਕਨੈਕਸ਼ਨਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਖ਼ਤਰੇ ਦਾ ਕਾਰਨ ਬਣ ਸਕਦਾ ਹੈ।




## 3. ਟੀਵੀ ਸੈੱਟ ਅਤੇ ਹੋਰ ਆਡੀਓ-ਵੀਡੀਓ (AV) ਉਤਪਾਦ


- ਕਿਸੇ ਵੀ AV ਉਤਪਾਦ ਨੂੰ ਨਮੀ ਵਾਲੇ, ਧੂੜ ਭਰੇ ਜਾਂ ਗਰਮ ਵਾਤਾਵਰਨ ਜਾਂ ਸਿੱਧੀ ਧੁੱਪ ਵਿੱਚ ਰੱਖਣ ਤੋਂ ਬਚੋ।



- ਜੇਕਰ AV ਉਤਪਾਦ ਲੰਬੇ ਸਮੇਂ ਲਈ ਨਹੀਂ ਵਰਤਿਆ ਜਾਣਾ ਹੈ, ਤਾਂ ਕਿਰਪਾ ਕਰਕੇ ਪਾਵਰ ਸਪਲਾਈ ਨੂੰ ਬੰਦ ਕਰ ਦਓਿ। ਇਸਨੂੰ ਸਿਰਫ਼ ਰਿਮੋਟ ਦੀ ਵਰਤੋਂ ਨਾਲ ਬੰਦ ਨਾ ਕਰੋ।



- AV ਉਤਪਾਦ ਨੂੰ ਹੇਠਾਂ ਡਿੱਗਣ ਅਤੇ ਸੱਟ ਲੱਗਣ ਤੋਂ ਰੋਕਣ ਲਈ ਇੱਕ ਸਮਤਲ, ਠੋਸ ਸਤ੍ਹਾ 'ਤੇ ਰੱਖੋ।



## 4. ਬਜਿਲੀ ਵਾਲਾ ਪਾਣੀ ਦਾ ਹੀਟਰ

- ਨਵੇਂ ਸਥਾਪਤਿ ਕੀਤੇ ਗਏ ਬਜਿਲੀ ਵਾਲੇ ਪਾਣੀ ਦੇ ਹੀਟਰਾਂ ਲਈ, ਸਥਰਿ ਬਜਿਲਈ ਸਥਾਪਨਾਵਾਂ ਅਤੇ ਪਾਣੀ ਦੀਆਂ ਪਾਈਪਾਂ ਕ੍ਰਮਵਾਰ ਪੰਜੀਕਰਤਿ ਬਜਿਲਈ ਠੇਕੇਦਾਰਾਂ (REC) ਅਤੇ ਜਲ ਸਪਲਾਈ ਵਭਿਾਗ (WSD) ਦੇ ਮਨੋਨੀਤ ਕਰਮਚਾਰੀਆਂ # ਦੁਆਰਾ ਸਥਾਪਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

(ਟੱਪਿਣੀਆਂ: # ਮਨੋਨੀਤ ਵਅਿਕਤੀਆਂ ਬਾਰੇ ਵੇਰਵਆਿਂ ਲਈ, ਕਰਿਪਾ ਕਰਕੇ ਜਲ ਸਪਲਾਈ ਵਭਿਾਗ ਦੀ ਵੈੱਬਸਾਈਟ ਵੇਖੋ: ਇੱਕ ਲਾਇਸੰਸਸ਼ੁਦਾ ਨਲਸਾਜ਼ ਨਯੁਿਕਤ ਕਰੋ )


- ਆਮ ਤੌਰ 'ਤੇ ਘਰਾਂ ਵੱਿਚ ਵਰਤੇ ਜਾਂਦੇ ਬਜਿਲੀ ਵਾਲੇ ਪਾਣੀ ਦੇ ਹੀਟਰ ਸ਼ਾਵਰ ਕਸਿਮ ਦੇ ਬਜਿਲੀ ਵਾਲੇ ਪਾਣੀ ਦੇ ਹੀਟਰ (ਘੱਟ ਦਬਾਅ ਵਾਲੇ ਪਾਣੀ ਦੀ ਸਟੋਰੇਜ ਕਸਿਮ ਜਾਂ ਓਪਨ-ਆਊਟਲੈਟ ਕਸਿਮ ਦੇ ਬਜਿਲੀ ਵਾਲੇ ਪਾਣੀ ਦੇ ਹੀਟਰ ਵਜੋਂ ਵੀ ਜਾਣੇ ਜਾਂਦੇ ਹਨ) ਅਤੇ ਅਣਵੈਂਟਡ ਥਰਮਲ ਸਟੋਰੇਜ ਕਸਿਮ ਦੇ ਬਜਿਲੀ ਵਾਲੇ ਪਾਣੀ ਦੇ ਹੀਟਰ ਹਨ।



ਖੁੱਲ੍ਹਾ - ਆਊਟਲੇਟ ਕਸਿਮ ਦਾ ਵਾਟਰ ਮਕਿਸਰ


- ਸ਼ਾਵਰ ਕਸਿਮ ਦੇ ਬਜਿਲੀ ਵਾਲੇ ਪਾਣੀ ਦੇ ਹੀਟਰ ਦੇ ਪਾਣੀ ਸਟੋਰੇਜ ਟੈਂਕ 'ਤੇ ਦਬਾਅ ਨਹੀ ਪਾਇਆ ਜਾਣਾ ਚਾਹੀਦਾ। ਟੈਂਕ ਦੇ ਅੰਦਰ ਦੇ ਦਬਾਅ ਨੂੰ ਪਾਣੀ ਦੇ ਆਊਟਲੈਟ, ਲਚਕਦਾਰ ਨਾਲੀ ਅਤੇ ਸ਼ਾਵਰਹੈਡ ਰਾਹੀਂ ਰਾਹਤ ਦੱਿਤੀ ਜਾਂਦੀ ਹੈ ਤਾਂ ਜੋ ਬਹੁਤ ਜ਼ਆਿਦਾ ਦਬਾਅ ਨੂੰ ਬਣਨ ਤੋਂ ਰੋਕਆਿ ਜਾ ਸਕੇ। ਇਸ ਨੂੰ ਸਰਿਫ ਗਰਮ ਅਤੇ ਠੰਡੇ ਪਾਣੀ ਵਾਲੀ ਨਲ ਅਤੇ ਸ਼ਾਵਰ ਉਪਕਰਨਾਂ (ਲਚਕਦਾਰ ਨਾਲੀ ਅਤੇ ਸ਼ਾਵਰਹੈਡ ਸਮੇਤ) ਜਾਂ ਨਰਿਮਾਤਾ ਦੁਆਰਾ ਪ੍ਰਵਾਨਤਿ ਵਕਿਲਪਕ ਗਰਮ ਅਤੇ ਠੰਡੇ ਪਾਣੀ ਦੀ ਨਲ ਅਤੇ ਸ਼ਾਵਰ ਉਪਕਰਨਾਂ ਨਾਲ ਫੱਿਟ ਕੀਤਾ ਜਾਣਾ ਚਾਹੀਦਾ ਹੈ।

- ਸ਼ਾਵਰ-ਕਸਿਮ ਦੇ ਬਜਿਲੀ ਵਾਲੇ ਪਾਣੀ ਦੇ ਹੀਟਰ ਦਾ ਪਾਣੀ ਆਊਟਲੈਟ ਸਾਫ਼ ਰੱਖਆਿ ਜਾਣਾ ਚਾਹੀਦਾ ਹੈ। ਆਮ ਸੰਚਾਲਨ ਦੇ ਤਹਤਿ, ਸ਼ਾਵਰਹੈੱਡ ਤੋਂ ਥੋੜ੍ਹੀ ਜਹਿੀ ਭਾਫ਼/ਪਾਣੀ ਬਾਹਰ ਆ ਸਕਦਾ ਹੈ। ਟੈਂਕ ਵੱਿਚ ਬਹੁਤ ਜ਼ਆਿਦਾ ਦਬਾਅ ਬਣਨ ਅਤੇ ਧਮਾਕਾ ਹੋਣ ਤੋਂ ਰੋਕਣ ਲਈ, ਪਾਣੀ ਦੇ ਆਊਟਲੈਟ 'ਤੇ ਚਾਲੂ/ਬੰਦ ਕੰਟਰੋਲ ਵਾਲਵ ਨਾ ਲਗਾਓ ਜਾਂ ਪਾਣੀ ਦੇ ਆਊਟਲੈਟ ਨੂੰ ਬੇਸਨਿ ਜਾਂ ਬਾਥਟਬ ਨਾਲ ਨਾ ਜੋੜੋ।




ਇੱਕ ਚਾਲੂ/ਬੰਦ ਕਰਨ ਵਾਲਾ ਵਾਲਵ

- ਸ਼ਾਵਰ-ਕਿਸਮ ਦੇ ਬਜਿਲੀ ਵਾਲੇ ਪਾਣੀ ਦੇ ਹੀਟਰਾਂ ਨੂੰ ਪਾਣੀ ਦੇ ਸਟੋਰੇਜ ਟੈਂਕ ਵਿੱਚ ਬਹੁਤ ਜ਼ਿਆਦਾ ਦਬਾਅ ਤੋਂ ਬਚਣ ਲਈ ਚਾਲੂ/ਬੰਦ ਵਾਲਵ ਵਾਲੇ ਸ਼ਾਵਰ ਹੈਂਡਾਂ ਨਾਲ ਨਹੀਂ ਲਗਾਇਆ ਜਾਣਾ ਚਾਹੀਦਾ ਹੈ।





- ਅਣਵੈਂਟਡ ਥਰਮਲ ਸਟੋਰੇਜ ਕਿਸਮ ਦੇ ਬਜਿਲੀ ਵਾਲੇ ਪਾਣੀ ਦੇ ਹੀਟਰ ਦਾ ਪਾਣੀ ਸਟੋਰੇਜ ਟੈਂਕ ਉੱਚ ਦਬਾਅ ਦੀ ਇੱਕ ਖਾਸ ਡਗਿਰੀ ਦਾ ਸਾਮ੍ਹਣਾ ਕਰ ਸਕਦਾ ਹੈ। ਇਸ ਕਿਸਮ ਦੇ ਬਜਿਲੀ ਵਾਲੇ

- ਪਾਣੀ ਦੇ ਹੀਟਰ ਵਿਚ ਥਰਮੋਸਟੈਟ ਅਤੇ ਥਰਮਲ ਕੱਟਆਉਟ ਤੋਂ ਇਲਾਵਾ, ਤਾਪਮਾਨ ਅਤੇ ਦਬਾਅ ਸੁਰੱਖਿਆ ਵਾਲਵ ਵੀ ਲੱਗਿਆ ਹੋਣਾ ਚਾਹੀਦਾ ਹੈ।




- ਜੇਕਰ ਕੋਈ ਅਸਧਾਰਨਤਾ ਪਾਈ ਜਾਂਦੀ ਹੈ, ਤਾਂ ਬਜਿਲੀ ਵਾਲੇ ਪਾਣੀ ਦੇ ਹੀਟਰ ਨੂੰ ਤੁਰੰਤ ਬੰਦ ਕਰ ਦੇਣਾ ਚਾਹੀਦਾ ਹੈ ਅਤੇ ਜਾਂਚ ਲਈ ਇੱਕ ਤਜਰਬੇਕਾਰ ਮਸਿਤਰੀ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।





- ਵਰਤੋਂ ਤੋਂ ਬਾਅਦ ਬਜਿਲੀ ਵਾਲੇ ਪਾਣੀ ਦੇ ਹੀਟਰ ਨੂੰ ਬੰਦ ਕਰ ਦਓਿ।

5. **ਚਾਰਜਰ, ਏਸੀ (AC) ਅਡੈਪਟਰ ਅਤੇ ਪਾਵਰ ਟਰਾਂਸਫਾਰਮਰ**

- ਖਰੀਦਣ ਜਾਂ ਵਰਤਣ ਵੇਲੇ ਧਿਆਨ ਰੱਖਣਾ ਚਾਹੀਦਾ ਹੈ

1. ਬੈਟਰੀ ਚਾਰਜਰ (ਮੋਬਾਈਲ ਫੋਨ ਜਾਂ ਹੋਰ ਉਤਪਾਦਾਂ ਲਈ),
2. ਏਸੀ ਅਡੈਪਟਰ (ਨੋਟਬੁੱਕ ਕੰਪਿਊਟਰਾਂ ਜਾਂ ਪੋਰਟੇਬਲ ਵੀਡੀਓ / ਸਟਲਿ ਪਕਿਚਰ ਕੈਮਰਿਆਂ ਆਦਿ ਲਈ), ਅਤੇ
3. ਪਾਵਰ ਟਰਾਂਸਫਾਰਮਰ (220V ਤੋਂ ਇਲਾਵਾ ਹੋਰ ਵੋਲਟੇਜ 'ਤੇ ਦਰਜ ਕੀਤੇ ਬਜਿਲੀ ਉਪਕਰਨਾਂ ਲਈ ਜੋ ਹਾਂਗ ਕਾਂਗ ਵੱਿਚ ਅਪਣਾਇਆ ਜਾਂਦਾ ਹੈ (ਉਦਾਹਰਨ ਲਈ 110V 'ਤੇ ਦਰਜ ਕੀਤੇ AV ਉਤਪਾਦ))।



- ਜੇਕਰ ਵਰਤੋਂ ਵੱਿਚ ਨਾ ਹੋਣ 'ਤੇ ਬਜਿਲੀ ਸਪਲਾਈ ਨਾਲ ਜੋੜਨ ਤੋਂ ਪਰਹੇਜ਼ ਕਰੋ।


- ਆਮ ਵਰਤੋਂ ਦੇ ਤਹਤਿ, ਉਹ ਕਾਫ਼ੀ ਗਰਮ ਹੋ ਸਕਦੇ ਹਨ। ਹਾਲਾਂਕਿ, ਉਹ ਬਹੁਤ ਗਰਮ ਨਹੀਂ ਹੋਣੇ ਚਾਹੀਦੇ (ਉਦਾਹਰਨ ਲਈ ਹੱਥ ਲਈ ਬਹੁਤ ਗਰਮ)।

- ਇਹ ਯਕੀਨੀ ਬਣਾਓ ਕਿ ਚਾਰਜਰ, ਏਸੀ ਅਡੈਪਟਰ ਜਾਂ ਪਾਵਰ ਟਰਾਂਸਫਾਰਮਰ ਦੀ ਉਤਪਾਦਤਿ ਵੋਲਟੇਜ ਉਪਕਰਨ ਵੱਿਚ ਲਗਾਈ ਜਾਣ ਵਾਲੀ ਵੋਲਟੇਜ ਨਾਲ ਮੇਲ ਖਾਂਦਾ ਹੈ। ਨਾਲ ਹੀ, ਦਰਜ ਕੀਤੀ ਉਤਪਾਦਤਿ ਪਾਵਰ (ਜਾਂ ਕਰੰਟ) ਉਪਕਰਨ ਵੱਿਚ ਲਗਾਈ ਜਾਣ ਵਾਲੀ ਪਾਵਰ (ਜਾਂ ਕਰੰਟ) ਤੋਂ ਘੱਟ ਨਹੀਂ ਹੋਣੀ ਚਾਹੀਦੀ।

- ਬੈਟਰੀ ਚਾਰਜ ਕਰਨ ਦਾ ਸਮਾਂ ਬਹੁਤ ਲੰਬਾ ਨਹੀਂ ਹੋਣਾ ਚਾਹੀਦਾ। ਕਰਿਪਾ ਕਰਕੇ ਉਪਯੋਗਕਰਤਾ ਮੈਨੂਅਲ ਵੱਿਚ ਦੱਿਤੀਆਂ ਹਦਾਇਤਾਂ ਦੀ ਪਾਲਣਾ ਕਰੋ। ਕਸਿੇ ਵੀ ਚੱਲ ਰਹੇ ਬੈਟਰੀ ਚਾਰਜਰ ਨੂੰ ਅਣਗੌਲਿਆ ਛੱਡਣ ਤੋਂ ਬਚੋ।



- ਉਤਪਾਦਤਿ (ਆਉਟਪੁੱਟ) ਕਨੈਕਟਰ ਦੇ ਰਣਿਾਤਮਕ ਧਰੁਵ ਨੂੰ ਕਸਿੇ ਵੀ ਧਾਤ ਦੀਆਂ ਵਸਤੂਆਂ (ਜਵਿੇਂ ਕਿ ਕਸਿੇ ਬਜਿਲਈ ਉਪਕਰਨ ਦਾ ਧਾਤਵਕਿ ਆਵਰਣ) ਦੇ ਸੰਪਰਕ ਵੱਿਚ ਨਾ ਆਉਣ ਦਓਿ। ਨਹੀਂ ਤਾਂ, ਸ਼ਾਰਟ ਸਰਕਟ ਜਾਂ ਅੱਗ ਲੱਗ ਸਕਦੀ ਹੈ।




## 6. ਰੋਸ਼ਨੀ ਵਾਲੇ ਉਪਕਰਨ

- ਜਾਂਚ ਕਰੋ ਕਿ ਰੋਸ਼ਨੀ ਵਾਲੇ ਉਪਕਰਨ ਜਲਣਸ਼ੀਲ ਸਤ੍ਹਾ (ਜਿਵੇਂ ਕਿ ਲੱਕੜ ਜਾਂ ਫਾਈਬਰ ਵਾਲੀ ਨਕਲੀ ਛੱਤ) 'ਤੇ ਸਿੱਧੇ ਤੌਰ 'ਤੇ ਲਗਾਉਣ ਲਈ ਢੁਕਵਾਂ ਹੈ ਅਤੇ ਜਾਂਚ ਕਰੋ ਕਿ ਬਲਬ ਨੂੰ ਲੈਂਪ ਕੈਪ ਨਾਲ ਹੇਠਲੀ ਸਥਿਤੀ ਵਿੱਚ ਲਗਾਉਣਾ ਚਾਹੀਦਾ ਹੈ। ਦੇਖੋ ਕਿ ਕੀ ਕੋਈ ਸੰਬੰਧਿਤ ਚਿੰਨ੍ਹ ਹਨ।


ਇੱਕ ਜਲਣਸ਼ੀਲਸਤ੍ਹਾ ਸਤ੍ਹਾ 'ਤੇ ਸਿੱਧੇ ਤੌਰ 'ਤੇ ਲਗਾਉਣ ਲਈ ਢੁਕਵਾਂ ਹੈ


ਇੱਕ ਜਲਣਸ਼ੀਲਸਤ੍ਹਾ ਸਤ੍ਹਾ 'ਤੇ ਸਿੱਧੇ ਤੌਰ 'ਤੇ ਲਗਾਉਣ ਲਈ ਢੁਕਵਾਂ ਨਹੀਂ ਹੈ



ਜਲਣਸ਼ੀਲ ਸਤ੍ਹਾ 'ਤੇ ਲਗਾਉਣ ਲਈ ਉਚਿਤ, ਬਸ਼ਰਤੇ ਤਾਪ ਰੋਧਕ ਦੀ ਵਰਤੋਂ ਸਤ੍ਹਾ ਤੋਂ ਰੋਸ਼ਨੀ ਵਾਲੇ ਉਪਕਰਨ ਨੂੰ ਵੱਖ ਕਰਨ ਲਈ ਕੀਤੀ ਜਾਂਦੀ ਹੈ


ਲੈਂਪ ਕੈਪ ਹੇਠਲੀ ਸਥਿਤੀ 'ਤੇ ਹੋਣੀ ਚਾਹੀਦੀ ਹੈ

- ਜਲਨ ਤੋਂ ਬਚਣ ਲਈ, ਜਗ ਰਹੇ ਬੱਲਬ ਨੂੰ ਨਾ ਛੂਹੋ। ਗਿੱਲੇ ਹੱਥਾਂ ਨਾਲ ਅਜਿਹਾ ਕਰਨ ਨਾਲ ਸ਼ੀਸ਼ਾ ਵੀ ਟੁੱਟ ਸਕਦਾ ਹੈ।





- ਲੈਂਪ ਬਲਬ ਦੀ ਦਰਜ ਵਾੱਟ ਸਮਰੱਥਾ ਲੈਂਪ ਹੋਲਡਰ ਲਈ ਦਰਸਾਈ ਵਾੱਟ ਤੋਂ ਵੱਧ ਨਹੀਂ ਹੋਣੀ ਚਾਹੀਦੀ। ਨਹੀਂ ਤਾਂ, ਲੈਂਪ ਹੋਲਡਰ ਜਾਂ ਲੈਂਪਸ਼ੇਡ ਜ਼ਿਆਦਾ ਗਰਮ ਹੋ ਸਕਦੇ ਹਨ ਅਤੇ ਅੱਗ ਦਾ ਕਾਰਨ ਬਣ ਸਕਦੇ ਹਨ।



- ਲੈਂਪ ਬਲਬ ਨੂੰ ਬਦਲਣ ਤੋਂ ਪਹਿਲਾਂ, ਇਸਨੂੰ ਬੰਦ ਕਰੋ ਅਤੇ ਇਸਨੂੰ ਠੰਡਾ ਹੋਣ ਦਿਓ।

- ਅੱਗ ਤੋਂ ਬਚਣ ਲਈ, ਕਿਸੇ ਵੀ ਪਰਦੇ, ਗਲੀਚੇ ਅਤੇ ਕੱਪੜੇ ਆਦਿ ਦੇ ਨੇੜੇ ਕੋਈ ਵੀ ਰੋਸ਼ਨੀ ਵਾਲੇ ਉਪਕਰਨ (ਖਾਸ ਕਰਕੇ ਉੱਚ-ਪਾਵਰ ਵਾਲੇ ਰੋਸ਼ਨੀ ਉਪਕਰਨ) ਨਾ ਰੱਖੋ। ਜਾਂਚ ਕਰੋ ਕਿ ਇੱਕ ਰੋਸ਼ਨੀ ਉਪਕਰਨ ਅਤੇ ਪ੍ਰਕਾਸ਼ਿਤ ਵਸਤੂਆਂ ਵਿਚਕਾਰ ਲੋੜੀਂਦੀ ਘੱਟੋ-ਘੱਟ ਦੂਰੀ ਨੂੰ ਦਰਸਾਉਂਦਾ ਕੋਈ ਸੰਕੇਤ ਹੈ ਜਾਂ ਨਹੀਂ।






"m" ਦੂਰੀ ਨੂੰ ਦਰਸਾਉਂਦਾ ਹੈ

- ਊਰਜਾ ਬਚਾਉਣ ਲਈ, ਜਿੱਥੇ ਤੱਕ ਸੰਭਵ ਹੋਵੇ ਊਰਜਾ ਬਚਾਉਣ ਵਾਲੇ ਲੈਂਪ ਦੀ ਵਰਤੋਂ ਕਰੋ।

- ਜ਼ਿਆਦਾਤਰ ਘਰੇਲੂ ਕ੍ਰਿਸਮਸ ਸਜਾਵਟ ਦੀਆਂ ਲਾਈਟਾਂ ਜ਼ਮੀਨੀ ਨਹੀ ਹੁੰਦੀਆਂ। ਇਸ ਲਈ, ਇਹਨਾਂ ਲਾਈਟਾਂ ਨੂੰ ਦੂਹਰੇ-ਤਾਪ ਰੋਧਕ ਜਾਂ ਮਜਬੂਤ-ਤਾਪ ਰੋਧਕ ਡਿਜ਼ਾਈਨ ਨਾਲ ਤਿਆਰ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਇਹ ਲਾਈਟਾਂ ਜਲਰੋਧਕ ਡਿਜ਼ਾਈਨ ਦੀਆਂ ਨਹੀਂ ਹਨ। । ਬਾਹਰੀ ਵਾਤਾਵਰਣ ਵਿੱਚ ਇਹਨਾਂ ਦੀ ਵਰਤੋਂ ਨਾ ਕਰੋ।




## 7. ਏਅਰ ਕੰਡੀਸ਼ਨਰ ਅਤੇ ਨਮੀ ਹਟਾਉਣ ਵਾਲੀ ਮਸ਼ੀਨ (ਡੀਹਿਊਮੀਡੀਫਾਇਰ)

- ਏਅਰ ਕੰਡੀਸ਼ਨਰ ਜਾਂ ਨਮੀ ਹਟਾਉਣ ਵਾਲੀ ਮਸ਼ੀਨ ਨੂੰ ਨੁਕਸਾਨ ਤੋਂ ਬਚਾਉਣ ਲਈ, ਇਸਨੂੰ ਬੰਦ ਕਰਨ ਤੋਂ ਬਾਅਦ 3 ਮਿੰਟ ਦੇ ਅੰਦਰ ਇਸਨੂੰ ਦੁਬਾਰਾ ਚਾਲੂ ਨਾ ਕਰੋ।



- ਯਕੀਨੀ ਬਣਾਓ ਕਿ ਹਵਾ ਆਉਣ ਅਤੇ ਨਿਕਾਸ ਗ੍ਰਿਲ ਵਿੱਚ ਰੁਕਾਵਟ ਨਹੀਂ ਹੈ।




8. **ਬਜਿਲੀ ਵਾਲੇ ਪੱਖੇ, ਨਕਿਾਸ ਪੱਖੇ ਅਤੇ ਕੁੱਕਰ ਹੁਡ**

- ਬਜਿਲੀ ਦੇ ਪੱਖੇ ਨੂੰ ਉਸ ਸਥਾਨ 'ਤੇ ਲਗਾਓ ਜਾਂ ਰੱਖੋ ਜਿੱਥੇ ਅਸਾਨੀ ਨਾਲ ਹਲਿਜੁਲ ਅਤੇ ਗਰਮੀ ਦੇ ਫੈਲਾਅ ਲਈ ਲੋੜੀਂਦੀ ਜਗ੍ਹਾ ਹੋਵੇ।




- ਕਸਿੇ ਵੀ ਖੁਲ੍ਹੀ ਵਸਤੂ (ਜਵਿੇਂ ਕਿ ਕਾਗਜ਼ ਅਤੇ ਕੱਪੜੇ) ਨੂੰ ਚਾਲੂ ਬਜਿਲੀ ਦੇ ਪੱਖੇ, ਨਕਿਾਸ ਪੱਖੇ ਜਾਂ ਕੁੱਕਰ ਹੁੱਡ ਵਿੱਚ ਜਾਣ ਤੋਂ ਰੋਕੋ, ਨਹੀਂ ਤਾਂ, ਇਹ ਜਆਿਦਾ ਗਰਮੀ ਅਤੇ ਅੱਗ ਫੜਨ ਦਾ ਕਾਰਨ ਬਣ ਸਕਦੀ ਹੈ।




- ਸੱਟ ਤੋਂ ਬਚਣ ਲਈ, ਉੱਚਾਈ 'ਤੇ ਕੰਮ ਕਰਦੇ ਸਮੇਂ ਚੱਲ ਰਹੇ ਛੱਤ ਵਾਲੇ ਪੱਖੇ ਦੇ ਸੰਪਰਕ ਤੋਂ ਬਚੋ। ਛੱਤ ਵਾਲੇ ਪੱਖੇ ਨੂੰ ਡਿੱਗਣ ਤੋਂ ਰੋਕਣ ਲਈ, ਇਸਦੀ ਸਥਾਪਨਾ ਉਪਯੋਗਕਰਤਾ ਮੈਨੂਅਲ ਵਿਚ ਦਿੱਤੀਆਂ ਸ਼ਰਤਾਂ ਅਨੁਸਾਰ ਹੋਣੀ ਚਾਹੀਦੀ ਹੈ।



- ਇਹ ਦੇਖਣ ਲਈ ਜਾਂਚ ਕਰੋ ਕਿ ਕੀ ਬੱਚੇ ਦੀਆਂ ਉਂਗਲਾਂ ਆਸਾਨੀ ਨਾਲ ਪੱਖੇ ਦੇ ਕਵਰ ਵਿੱਚ ਫਿੱਟ ਤਾਂ ਨਹੀਂ ਹੋ ਸਕਦੀਆਂ। ਇਹ ਦੇਖਣ ਲਈ ਵੀ ਜਾਂਚ ਕਰੋ ਕਿ ਕੀ ਪੱਖੇ ਦਾ ਸੁਰੱਖਿਆ ਢੱਕਣ ਆਸਾਨੀ ਨਾਲ ਢਿੱਲਾ ਤਾਂ ਨਹੀਂ ਹੋ ਸਕਦਾ ਜਾਂ ਬੱਚਿਆਂ ਦੁਆਰਾ ਹਟਾਇਆ ਤਾਂ ਨਹੀਂ ਜਾ ਸਕਦਾ ਹੈ।



- ਜਾਂਚ ਕਰੋ ਕਿ ਕੀ ਪੱਖੇ ਦੇ ਚਲਦੇ ਅਤੇ ਸਥਿਰ ਹਿੱਸਿਆਂ ਦੇ ਵਿਚਕਾਰ ਲਚਕਦਾਰ ਪਾਵਰ ਤਾਰ ਲੰਬੇ ਸਮੇਂ ਤੱਕ ਵਰਤੋਂ ਕਾਰਨ ਖਰਾਬ ਤਾਂ ਨਹੀ ਹੋ ਗਈ ਹੈ। ਖਰਾਬ ਹੋਈ ਪਾਵਰ ਤਾਰ ਸ਼ਾਰਟ ਸਰਕਟਾਂ ਜਾਂ ਲਾਈਵ ਵਾਇਰ (ਬਜਿਲੀ ਦੀ ਸਪਲਾਈ ਵਾਲੀ ਤਾਰ) ਦੇ ਕਾਰਨ ਖਤਰੇ ਪੈਦਾ ਕਰ ਸਕਦੀ ਹੈ।




- ਕਰਿਪਾ ਕਰਕੇ ਉਪਯੋਗਕਰਤਾ ਮੈਨੂਅਲ ਵਿੱਚ ਦਿੱਤੀਆਂ ਹਦਾਇਤਾਂ ਅਨੁਸਾਰ ਬਜਿਲੀ ਦੇ ਪੱਖੇ, ਨਕਿਾਸ ਪੱਖੇ ਅਤੇ ਕੁੱਕਰ ਹੁੱਡਾਂ ਨੂੰ ਨਯਿਮਤ ਤੌਰ 'ਤੇ ਸਾਫ਼ ਕਰੋ। ਪੱਖੇ ਦੀ ਮੋਟਰ 'ਤੇ ਬਹੁਤ ਜ਼ਿਆਦਾ ਧੂੜ ਇਕੱਠੀ ਹੋਣ ਨਾਲ ਆਮ ਗਰਮੀ ਦੇ ਨਕਿਾਸ ਵਿੱਚ ਵਘਿਨ ਪੈ ਸਕਦਾ ਹੈ।



## 9. ਵਾਲ ਸੁਕਾਉਣ ਵਾਲੇ ਉਪਕਰਨ ਅਤੇ ਬਜਿਲੀ ਵਾਲਾ ਹੀਟਰ

- ਅੱਗ ਨੂੰ ਰੋਕਣ ਲਈ, ਕਸਿੇ ਵੀ ਜਲਣਸ਼ੀਲ ਵਸਤੂਆਂ (ਜਵਿੇਂ ਕਿ ਕੰਬਲ, ਕੱਪੜਾ, ਪਰਦੇ, ਗਲੀਚਾ ਅਤੇ ਸੋਫ਼ਾ) ਦੇ ਨੇੜੇ ਇੱਕ ਚਾਲੂ ਬਜਿਲੀ ਵਾਲਾ ਹੀਟਰ ਨਾ ਰੱਖੋ।



- ਚੱਲ ਰਹੇ ਵਾਲ ਸੁਕਾਉਣ ਵਾਲੇ ਉਪਕਰਨ ਜਾਂ ਬਲੋਅਰ ਕਿਸਮ ਦੇ ਬਿਜਲਈ ਹੀਟਰ ਦੀ ਹਵਾ ਆਉਣ ਵਾਲੀ ਗ੍ਰਿਲ ਅਤੇ ਹਵਾ ਜਾਣ ਵਾਲੀ ਨੋਜ਼ਲ ਵਿੱਚ ਰੁਕਾਵਟ ਨਾ ਪਾਓ। ਅਜਿਹਾ ਕਰਨ ਵਿੱਚ ਅਸਫਲ ਰਹਿਣ ਨਾਲ, ਇਹ ਗਰਮ ਕਰਨ ਵਾਲੇ ਤੱਤਾਂ ਨੂੰ ਜ਼ਿਆਦਾ ਗਰਮ ਕਰ ਸਕਦਾ ਹੈ ਅਤੇ ਅੱਗ ਦਾ ਕਾਰਨ ਬਣ ਸਕਦਾ ਹੈ।




- ਬਾਥਰੂਮ ਵਿੱਚ ਕਿਸੇ ਵੀ ਪੋਰਟੇਬਲ ਬਿਜਲੀ ਵਾਲੇ ਹੀਟਰ ਦੀ ਵਰਤੋਂ ਕਰਨ ਤੋਂ ਬਚੋ। ਬਿਜਲੀ ਵਾਲੇ ਹੀਟਰ ਵਿੱਚ ਗਲਤੀ ਨਾਲ ਪਾਣੀ ਚਲੇ ਜਾਣ ਨਾਲ ਬਿਜਲੀ ਦਾ ਝਟਕਾ ਲੱਗ ਸਕਦਾ ਹੈ।

- ਹੀਟਰ ਨੂੰ ਸਮਤਲ, ਠੋਸ ਸਤ੍ਹਾ 'ਤੇ ਰੱਖੋ ਤਾਂ ਜੋ ਇਸ ਨੂੰ ਡਿੱਗਣ ਅਤੇ ਅੱਗ ਲੱਗਣ ਜਾਂ ਸੜਨ ਤੋਂ ਰੋਕਿਆ ਜਾ ਸਕੇ।


## 10. ਬਿਜਲੀ ਵਾਲੀ ਪ੍ਰੈਸ

- ਜਦੋਂ ਪ੍ਰੈਸ ਨਾ ਕਰ ਰਹੇ ਹੋਵੋ, ਤਾਂ ਗਰਮ ਪ੍ਰੈਸ ਨੂੰ ਸਮਤਲ, ਠੋਸ ਸਤ੍ਹਾ 'ਤੇ ਰੱਖੋ। ਪਾਣੀ ਪਾਉਣ ਤੋਂ ਪਹਿਲਾਂ ਪ੍ਰੈਸ ਦਾ ਪਲੱਗ ਕੱਢ ਦਿਓ। ਵਰਤੋਂ ਤੋਂ ਬਾਅਦ, ਪ੍ਰੈਸ ਨੂੰ ਬੱਚਿਆਂ ਦੀ ਪਹੁੰਚ ਤੋਂ ਦੂਰ ਇੱਕ ਸਮਤਲ, ਮਜ਼ਬੂਤ ਸਤ੍ਹਾ 'ਤੇ ਰੱਖੋ ਤਾਂ ਜੋ ਇਸਨੂੰ ਠੰਡਾ ਹੋਣ ਦਿੱਤਾ ਜਾ ਸਕੇ।




## 11. ਬਿਜਲੀ ਵਾਲੇ ਕੰਬਲ

- ਬਿਜਲੀ ਵਾਲੇ ਕੰਬਲ ਨੂੰ ਗਲਤ ਢੰਗ ਨਾਲ ਫੋਲਡ ਨਾ ਕਰੋ ਜਾਂ ਇਸ 'ਤੇ ਭਾਰੀ ਵਸਤੂਆਂ ਨਾ ਰੱਖੋ। ਨਹੀਂ ਤਾਂ, ਜ਼ਿਆਦਾ ਗਰਮੀ ਅਤੇ ਅੱਗ ਲੱਗ ਸਕਦੀ ਹੈ। ਉਪਯੋਗਕਰਤਾ ਮੈਨੂਅਲ ਵਿਚ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰੋ।




12. **ਬਜਿਲੀ ਵਾਲਾ ਚੌਲਾਂ ਦਾ ਕੁੱਕਰ ਅਤੇ ਕੇਤਲੀ/ਭਾਂਡੇ, ਆਦਿ**

- ਬਜਿਲੀ ਵਾਲਾ ਚੌਲਾਂ ਦਾ ਕੁੱਕਰ, ਕੇਤਲੀ/ ਭਾਂਡੇ ਮਲਟੀ-ਫੰਕਸ਼ਨ ਕੁੱਕਰ ਜਾਂ ਕੌਫੀ ਮਸ਼ੀਨ, ਆਦਿ ਵੱਿਚ ਪਾਣੀ ਭਰਦੇ ਸਮੇਂ ਲਚਕੀਲੇ ਪਾਵਰ ਤਾਰ ਦੇ ਇੱਕ ਸਰਿੇ 'ਤੇ ਕਨੈਕਟਰ ਅਤੇ ਉਪਕਰਨ ਦੇ ਸਾਕਟ ਨੂੰ ਪਾਣੀ ਦੇ ਸੰਪਰਕ ਵਚਿ ਨਾ ਆਉਣ ਦਉਿ। ਇਹ ਯਕੀਨੀ ਬਣਾਓ ਕ ਿਖਰਾਬ ਬਜਿਲਈ ਸੰਪਰਕ ਅਤੇ ਜ਼ਆਿਦਾ ਗਰਮ ਹੋਣ ਤੋਂ ਬਚਣ ਲਈ ਕਨੈਕਟਰ ਅਤੇ ਸਾਕਟ ਲੰਬੇ ਸਮੇਂ ਦੀ ਵਰਤੋਂ ਕਾਰਨ ਖਰਾਬ ਤਾਂ ਨਹੀਂ ਹੋ ਗਏ ਹਨ। ਭਰੇ ਗਏ ਪਾਣੀ ਦੀ ਮਾਤਰਾ ਨਰਿਧਾਰਤ ਅਧਕਿਤਮ ਪਾਣੀ ਦੇ ਪੱਧਰ ਤੋਂ ਵੱਧ ਨਹੀਂ ਹੋਣੀ ਚਾਹੀਦੀ।




- ਚੌਲਾਂ ਵਾਲਾ ਪਤੀਲਾ ਚੌਲਾਂ ਵਾਲੇ ਕੁੱਕਰ ਦੇ ਅੰਦਰ ਰੱਖਣ ਤੋਂ ਪਹਲਿਾਂ, ਯਕੀਨੀ ਬਣਾਓ ਕ ਿਹੇਠਾਂ ਤੋਂ ਸੁੱਕਾ ਹੈ ਅਤੇ ਸੰਘਨ ਕੁਲੈਕਟਰ ਬੰਦ ਨਹੀਂ ਹੈ।



- ਇਹ ਸੁਨਸ਼ਿਚਤਿ ਕਰੋ ਕ ਿਜਦੋਂ ਭੋਜਨ ਪੱਕ ਰਹਿਾ ਹੈ ਤਾਂ ਉਸ ਸਮੇਂ ਉਪਕਰਨ ਵੱਿਚ ਪਾਣੀ ਦਾ ਕੋਈ ਰਸਿਾਅ ਨਾ ਹੋਵੇ।



- ਸਫਾਈ ਕਰਦੇ ਸਮੇਂ ਉਪਕਰਨ ਨੂੰ ਪਾਣੀ ਵੱਿਚ ਨਾ ਡੁਬੋਓ ਅਤੇ ਨਾ ਹੀ ਧੋਵੋ।



## 13. ਬਿਜਲੀ ਵਾਲੇ ਖਾਣਾ ਪਕਾਉਣ ਵਾਲੇ ਓਵਨ

- ਅੱਗ ਨੂੰ ਰੋਕਣ ਲਈ, ਬਿਜਲੀ ਵਾਲੇ ਖਾਣਾ ਪਕਾਉਣ ਵਾਲੇ ਓਵਨ (ਜਿਵੇਂ ਕਿ ਮਾਈਕ੍ਰੋਵੇਵ ਓਵਨ, ਬਿਜਲੀ ਵਾਲੇ ਓਵਨ, ਟੋਸਟਰ ਅਤੇ ਟੋਸਟਰ ਓਵਨ) ਦੇ ਨੇੜੇ ਕੋਈ ਵੀ ਜਲਣਸ਼ੀਲ ਵਸਤੂ ਨਾ ਰੱਖੋ।




- ਮਾਈਕ੍ਰੋਵੇਵ, ਬਿਜਲੀ ਵਾਲਾ ਜਾਂ ਟੋਸਟਰ ਓਵਨ, ਜਾਂ ਓਵਨ ਦੀ ਵਰਤੋਂ ਕਰਦੇ ਸਮੇਂ ਗਰਮ ਹੋਣ ਵਾਲੇ ਸ਼ੀਸ਼ੇ 'ਤੇ ਪਾਣੀ ਦੇ ਛਿੱਟੇ ਨਾ ਪੈਣ ਦਿਓ। ਨਹੀਂ ਤਾਂ, ਕੱਚ ਟੁੱਟ ਸਕਦਾ ਹੈ ਅਤੇ ਖ਼ਤਰਾ ਪੈਦਾ ਕਰ ਸਕਦਾ ਹੈ।

- ਮਾਈਕ੍ਰੋਵੇਵ ਵਿੱਚ ਧਾਤ ਵਾਲੇ ਕਿਸੇ ਵੀ ਬਰਤਨ ਦੀ ਵਰਤੋਂ ਨਾ ਕਰੋ। ਨਹੀ ਤਾਂ ਇਹ ਧਮਾਕਾ ਜਾਂ ਅੱਗ ਦਾ ਕਾਰਨ ਬਣ ਸਕਦਾ ਹੈ। ਕਿਉਂਕਿ ਬਹੁਤ ਸਾਰੇ ਪਲਾਸਟਿਕ ਦੇ ਭਾਂਡਿਆਂ ਵਿੱਚ ਅਦਿੱਖ ਧਾਤ ਦੇ ਹਿੱਸੇ ਹੁੰਦੇ ਹਨ, ਕੇਵਲ ਉਹ ਬਰਤਨ ਚੁਣੋ ਜੋ ਮਾਈਕ੍ਰੋਵੇਵ-ਸੁਰੱਖਿਅਤ ਹੋਣ।



- ਮਾਈਕ੍ਰੋਵੇਵ ਵਿੱਚ ਕਿਸੇ ਵੀ ਕੱਚੇ ਆਂਡੇ (ਛਿੱਲੜ ਸਮੇਤ ਜਾਂ ਬਿਨ੍ਹਾਂ ਛਿੱਲੜ ਦੇ) ਜਾਂ ਗਿਰੀਆਂ ਨੂੰ ਗਰਮ ਨਾ ਕਰੋ ਕਿਉਂਕਿ ਇਸ ਨਾਲ ਧਮਾਕਾ ਹੋ ਸਕਦਾ ਹੈ। ਉਪਯੋਗਕਰਤਾ ਮੈਨੂਅਲ ਵਿਚ ਦਿੱਤੀਆਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ।



- ਜ਼ਿਆਦਾ ਪਕਾਉਣ ਅਤੇ ਅੱਗ ਦੇ ਖ਼ਤਰੇ ਤੋਂ ਸਾਵਧਾਨ ਰਹੋ। ਚੱਲ ਰਹੇ ਟੋਸਟਰ ਓਵਨ ਨੂੰ ਬਿਨਾਂ ਕਿਸੇ ਧਿਆਨ ਦੇ ਨਾ ਛੱਡੋ।



## 14. ਬਲੈਂਡਰ ਅਤੇ ਹੋਰ ਬਿਜਲੀ ਵਾਲੇ ਫੂਡ ਪ੍ਰੋਸੈਸਿੰਗ ਉਪਕਰਨ


- ਬਲੈਂਡਰ, ਜੂਸਰ ਜਾਂ ਹੋਰ ਫੂਡ ਪ੍ਰੋਸੈਸਰ ਨੂੰ ਚਾਲੂ ਕਰਨ ਤੋਂ ਪਹਿਲਾਂ ਯਕੀਨੀ ਬਣਾਓ ਕਿ ਇਸ ਵਿੱਚ ਉੱਚਿਤ ਭੋਜਨ ਹੈ। ਅਜਿਹਿ ਉਪਕਰਨ ਲੰਬੇ ਸਮੇਂ ਦੀ ਵਰਤੋਂ ਲਈ ਢੁਕਵੇਂ ਨਹੀਂ ਹਨ। ਕਿਰਪਾ ਕਰਕੇ ਉਪਯੋਗਕਰਤਾ ਮੈਨੂਅਲ ਵਿੱਚ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰੋ।



- ਸੱਟ ਤੋਂ ਬਚਣ ਲਈ, ਫੂਡ ਪ੍ਰੋਸੈਸਰ ਦੇ ਕਿਸੇ ਵੀ ਘੁੰਮਣ ਵਾਲੇ ਹਿੱਸੇ (ਖਾਸ ਕਰਕੇ ਚਾਕੂ ਜੋ ਤੇਜ਼ ਰਫ਼ਤਾਰ ਨਾਲ ਘੁੰਮਦੇ ਹਨ) ਨੂੰ ਸੁਰੱਖਿਅਤ ਢੰਗ ਨਾਲ ਟਿਕਾਉਣਾ ਚਾਹੀਦਾ ਹੈ। ਮਸ਼ੀਨ ਨੂੰ ਚਾਲੂ ਕਰਨ ਤੋਂ ਪਹਿਲਾਂ ਯਕੀਨੀ ਬਣਾਓ ਕਿ ਕੰਟੇਨਰ ਦਾ ਢੱਕਣ ਬੰਦ ਹੈ ਅਤੇ ਸੁਰੱਖਿਅਤ ਹੈ।



- ਬਿਜਲੀ ਸਪਲਾਈ ਨੂੰ ਬੰਦ ਕਰੋ ਜੇਕਰ ਵਰਤੋਂ ਨਹੀਂ ਕੀਤੀ ਜਾ ਰਹੀ ਹੈ ਜਾਂ ਜੇ ਕੋਈ ਘੁੰਮਣ ਵਾਲਾ ਹਿੱਸਾ ਬਦਲਿਆ ਜਾ ਰਿਹਾ ਹੈ।



## 15. ਫਰਿੱਜ

- ਜੇ ਫਰਿੱਜ ਨੂੰ ਲੰਬੇ ਸਮੇਂ ਲਈ ਨਹੀਂ ਵਰਤਿਆ ਜਾਣਾ ਹੈ, ਤਾਂ ਉਸ ਵਿਚ ਰੱਖੇ ਖਾਣੇ ਨੂੰ ਕੱਢ ਲਵੋ ਅਤੇ ਇਸਦਾ ਪਲੱਗ ਕੱਢ ਦਿਉ।

## 16. ਕੱਪੜੇ ਧੋਣ/ਸੁਕਾਉਣ ਵਾਲੀ ਮਸ਼ੀਨ


- ਚੱਲ ਰਹੀ ਕੱਪੜੇ ਧੋਣ/ਸੁਕਾਉਣ ਵਾਲੀ ਮਸ਼ੀਨ ਨੂੰ ਅਣਗੌਲਿਆ ਨਾ ਛੱਡੋ।



- ਲੋਡਿੰਗ ਸਮਰੱਥਾ ਤੋਂ ਵੱਧ ਨਾ ਹੋਵੇ ਅਤੇ ਉਪਯੋਗਕਰਤਾ ਮੈਨੂਅਲ ਵਿੱਚ ਦਰਸਾਏ ਅਨੁਸਾਰ ਢੁਕਵੇਂ ਤਾਪਮਾਨ ਸੈਟਿੰਗਾਂ ਅਤੇ ਸੁਕਾਉਣ ਦੇ ਸਮੇਂ ਦੀ ਪਾਲਣਾ ਕਰੋ।

- ਕੱਪੜੇ ਸੁਕਾਉਣ ਵਾਲੀ ਮਸ਼ੀਨ ਵਿੱਚ ਲੂੰ, ਲੈਟੇਕਸ, ਰਬੜ ਜਾਂ ਮੋਮ ਆਦਿ ਵਾਲੇ ਕੱਪੜੇ ਨਾ ਸੁਕਾਓ। ਨਹੀਂ ਤਾਂ, ਇਹ ਜ਼ਿਆਦਾ ਗਰਮ ਹੋਣ ਅਤੇ ਅੱਗ ਦਾ ਕਾਰਨ ਬਣ ਸਕਦੇ ਹਨ।


- ਉਪਯੋਗਕਰਤਾ ਮੈਨੂਅਲ ਵਿਚ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰੋ ਅਤੇ ਨਿਯਮਤ ਤੌਰ 'ਤੇ ਡਰੇਨੇਜ ਸਿਸਟਮ ਤੋਂ ਬਾਹਰੀ ਵਸਤੂਆਂ ਨੂੰ ਹਟਾਓ। ਇਹ ਪੰਪ ਨੂੰ ਜ਼ਿਆਦਾ ਗਰਮ ਹੋਣ ਤੋਂ ਰੋਕਦਾ ਹੈ।



- ਕੱਪੜੇ ਸੁਕਾਉਣ ਵਾਲੀ ਮਸ਼ੀਨ ਦੀ ਭਾਫ਼ ਕੱਢਣ ਵਾਲੀ ਨਾਲੀ ਵਿੱਚ ਰੁਕਾਵਟ ਪਾਉਣ ਤੋਂ ਬਚੋ। ਨਹੀਂ ਤਾਂ ਇਹ ਅੰਦਰੂਨੀ ਜਿਆਦਾ ਗਰਮੀ ਦਾ ਕਾਰਨ ਬਣ ਸਕਦੀ ਹੈ। ਹਵਾਦਾਰੀ ਫਿਲਟਰਾਂ ਨੂੰ ਨਿਯਮਤ ਤੌਰ 'ਤੇ ਸਾਫ਼ ਕਰੋ




17. **ਬਜਿਲਈ ਮਛਲੀ ਘਰ ਉਪਕਰਨ**
    - ਇਹ ਸੁਨਸ਼ਿਚਤਿ ਕਰੋ ਕਿ ਬਜਿਲਈ ਮਛਲੀ ਘਰ ਉਪਕਰਨ ਨੂੰ ਭਰਨ ਵੇਲੇ ਕੋਈ ਵੀ ਮਛਲੀ ਘਰ ਦੇ ਉਪਕਰਨਾਂ (ਜਵਿੇਂ ਕਿ ਮਛਲੀ ਘਰ ਲਾਈਟਾਂ, ਫਲਿਟਰਾਂ ਅਤੇ ਹਵਾ ਪੰਪਾਂ) ਵਿੱਚ ਪਾਣੀ ਦਾਖਲ ਨਹੀਂ ਹੁੰਦਾ। ਨਹੀਂ ਤਾਂ, ਬਜਿਲੀ ਦਾ ਰਸਿਾਅ ਹੋ ਸਕਦਾ ਹੈ।



- ਯਕੀਨੀ ਬਣਾਓ ਕਿ ਬਜਿਲੀ ਦੇ ਉਪਕਰਨ ਪਾਣੀ ਦੇ ਪੱਧਰ ਤੋਂ ਦੂਰ ਹਨ। ਮੱਛੀਆਂ ਦੀਆਂ ਹਰਕਤਾਂ ਕਾਰਨ ਉਪਕਰਨਾਂ 'ਤੇ ਸੰਭਾਵਤਿ ਛਿੱਟੇ ਪੈਣ ਤੋਂ ਸਾਵਧਾਨ ਰਹੋ।

- ਜਲ-ਰੋਧਕ ਬਜਿਲਈ ਮਛਲੀ ਘਰ ਉਪਕਰਨਾਂ ਨੂੰ ਖਰੀਦਣਾ ਅਤੇ ਵਰਤਣਾ ਸਭ ਤੋਂ ਵਧੀਆ ਹੈ।

- ਇੱਕ ਪਾਣੀ ਵਿਚ ਡੁੱਬਣ ਵਾਲੇ ਪ੍ਰਕਾਰ ਦੇ ਹੀਟਰ ਦੀ ਗਰਮ ਕਰਨ ਵਾਲੀ ਟਿਊਬ ਨੂੰ ਚਾਲੂ ਕਰਨ ਤੋਂ ਪਹਿਲਾਂ ਪੂਰੀ ਤਰ੍ਹਾਂ ਪਾਣੀ ਵਿੱਚ ਡੁਬੋਇਆ ਜਾਣਾ ਚਾਹੀਦਾ ਹੈ। ਨਹੀਂ ਤਾਂ, ਇਹ ਕੱਚ ਦੇ ਫਟਣ ਅਤੇ ਖ਼ਤਰੇ ਦਾ ਕਾਰਨ ਬਣ ਸਕਦਾ ਹੈ।



## 18. ਵੈਕਿਊਮ ਕਲੀਨਰ


- ਪਾਣੀ ਨੂੰ ਜਜ਼ਬ ਕਰਨ ਲਈ ਵੈਕਿਊਮ ਕਲੀਨਰ ਦੀ ਵਰਤੋਂ ਨਾ ਕਰੋ। ਨਹੀ ਤਾਂ, ਬਜਿਲੀ ਦਾ ਰਿਸਾਅ ਹੋ ਸਕਦਾ ਹੈ।



- ਵੈਕਿਊਮ ਕਲੀਨਰ ਨੂੰ ਜ਼ਿਆਦਾ ਗਰਮ ਹੋਣ ਤੋਂ ਰੋਕਣ ਲਈ, ਉਪਯੋਗਕਰਤਾ ਮੈਨੂਅਲ ਵਿਚ ਦਿੱਤੀਆਂ ਹਦਾਇਤਾਂ ਅਨੁਸਾਰ ਡਸਟ ਬੈਗ ਨੂੰ ਨਿਯਮਿਤ ਤੌਰ 'ਤੇ ਸਾਫ਼ ਕਰੋ।

## 19. ਫਰਨੀਚਰ ਵਿੱਚ ਫਿੱਟ ਕੀਤੇ ਬਜਿਲਈ ਉਪਕਰਨ

- ਫਰਨੀਚਰ ਵਿਚ ਲਗਾਏ ਗਏ ਬਜਿਲਈ ਉਪਕਰਨਾਂ (ਜਵਿੇਂ ਕਿ ਲਾਈਟਾਂ ਅਤੇ ਸਵਿੱਚਾਂ) ਨੂੰ ਕਾਨੂੰਨੀ ਸੁਰੱਖਿਆ ਲੋੜਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ।




- ਅਜਿਹੇ ਉਪਕਰਨਾਂ ਨੂੰ ਇੱਕ 3-ਪਿੰਨ ਪਲੱਗ ਨਾਲ ਲਗਾਇਆ ਜਾਣਾ ਚਾਹੀਦਾ ਹੈ ਜੋ ਸੁਰੱਖਿਆ ਲੋੜਾਂ ਨੂੰ ਪੂਰਾ ਕਰਦਾ ਹੈ, ਅਤੇ ਇਸਦੇ ਭਾਗਾਂ (ਲਚਕੀਲੇ ਕੇਬਲ, ਸਵਿੱਚ, ਤਾਰਾਂ ਅਤੇ ਪਲੱਗ ਨਾਲ ਜੁੜੇ ਕਨੈਕਟਰਾਂ ਸਮੇਤ) ਨੂੰ ਸੁਰੱਖਿਅਤ ਢੰਗ ਨਾਲ ਲੱਗੇ ਹੋਣੇ ਚਾਹੀਦੇ ਹਨ।

- ਧਾਤ ਦੇ ਘੇਰੇ ਨੂੰ ਅਰਥ ਕੀਤਾ ਜਾਣਾ ਚਾਹੀਦਾ ਹੈ। ਲਾਈਵ ਪੁਰਜ਼ਿਆਂ ਦੀ ਢੁਕਵੀ ਅਲੱਗ-ਥਲੱਗ ਜਾਂ ਸਥਾਪਨਾ ਦੀ ਇਜਾਜ਼ਤ ਹੋਣੀ ਚਾਹੀਦੀ ਹੈ।

- ਜ਼ਿਆਦਾ ਗਰਮ ਹੋਣ ਅਤੇ ਅੱਗ ਨੂੰ ਰੋਕਣ ਲਈ ਤਾਰ ਦਾ ਆਕਾਰ ਢੁਕਵਾਂ ਹੋਣਾ ਚਾਹੀਦਾ ਹੈ।

## 20. **ਯਾਤਰਾ ਅਡੈਪਟਰ**

- ਹਾਂਗ ਕਾਂਗ ਤੋਂ ਬਾਹਰ ਵਰਤੋਂ ਲਈ ਤਿਆਰ ਕੀਤੇ ਗਏ ਯਾਤਰਾ ਅਡੈਪਟਰ ਬਜਿਲਈ ਉਤਪਾਦ (ਸੁਰੱਖਿਆ) ਨਯਿਮਾਂ ਦੇ ਅਧੀਨ ਨਹੀਂ ਹਨ। ਅਜਹਿਾ ਕੋਈ ਵੀ ਅਡੈਪਟਰ ਖਰੀਦਣ ਵੇਲੇ ਜਾਂ ਹਾਂਗ ਕਾਂਗ ਤੋਂ ਬਾਹਰ ਇਸਦੀ ਵਰਤੋਂ ਕਰਦੇ ਸਮੇਂ ਬਹੁਤ ਸਾਵਧਾਨੀ ਵਰਤੀ ਜਾਣੀ ਚਾਹੀਦੀ ਹੈ।




- ਹਾਂਗ ਕਾਂਗ ਤੋਂ ਬਾਹਰ ਇਹਨਾਂ ਅਡੈਪਟਰਾਂ ਦੀ ਵਰਤੋਂ ਕਰਦੇ ਸਮੇਂ, ਕਰਿਪਾ ਕਰਕੇ ਇਹ ਯਕੀਨੀ ਬਣਾਓ ਕ ਿਅਡੈਪਟਰ ਦੀ ਦਰਜ ਕੀਤੀ ਵੋਲਟੇਜ ਅਤੇ ਕਰੰਟ ਅਤੇ ਕਨੈਕਟ ਕੀਤੇ ਜਾਣ ਵਾਲੇ ਬਜਿਲਈ ਉਪਕਰਨ ਉਸ ਥਾਂ 'ਤੇ ਪਾਵਰ ਸਪਲਾਈ ਸਸਿਟਮ ਨਾਲ ਮੇਲ ਖਾਂਦੇ ਹਨ।

- ਅਜਹਿੇ ਕਸਿੇ ਵੀ ਅਡੈਪਟਰ ਨੂੰ ਲੰਬੇ ਸਮੇਂ ਲਈ ਵਰਤਣ ਤੋਂ ਪਰਹੇਜ਼ ਕਰੋ ਜਾਂ ਇਸਨੂੰ ਬਨਿਾਂ ਧਿਆਨ ਦੱਤਿ ਨਾ ਛੱਡੋ।

- ਕਸਿੇ ਵੀ ਅਜਹਿੇ ਅਡੈਪਟਰ ਦੀ ਵਰਤੋਂ ਨਾ ਕਰੋ ਜੇਕਰ ਉਸਦੇ ਪੱਨਿ ਸੁਰੱਖਿਅਤ ਢੰਗ ਨਾਲ ਆਊਟਲੈੱਟ ਵੱਚਿ ਨਹੀ ਪਾਏ ਜਾ ਸਕਦੇ ਹਨ।

- ਇਸ ਕਸਿਮ ਦੇ ਅਡੈਪਟਰ ਦੀ ਵਰਤੋਂ ਕਰਦੇ ਸਮੇਂ, ਇਸਨੂੰ ਕਸਿੇ ਵੀ ਜਲਣਸ਼ੀਲ ਸਮੱਗਰੀ ਤੋਂ ਦੂਰ ਰੱਖੋ। ਇਹ ਸੁਨਸ਼ਿਚਤਿ ਕਰੋ ਕ ਿਅਡੈਪਟਰ ਦੇ ਆਲੇ ਦੁਆਲੇ ਹਵਾਦਾਰੀ ਦੀ ਕਾਫ਼ੀ ਥਾਂ ਹੈ ਤਾਂ ਜੋ ਗਰਮੀ ਦੇ ਨਕਿਾਸ ਦੀ ਸਹੂਲਤ ਹੋਵੇ।

- 3-ਪੱਨਿ ਉਪਕਰਨਾਂ ਦੇ ਨਾਲ ਕਸਿੇ ਵੀ 2-ਪੱਨਿ ਅਡੈਪਟਰ ਦੀ ਵਰਤੋਂ ਨਾ ਕਰੋ ਜਦੋਂ ਤੱਕ ਕ ਿਉਪਕਰਨ ਨੂੰ ਦੂਹਰੇ-ਤਾਪ ਰੋਧਕ ਜਾਂ ਮਜਬੂਤ-ਤਾਪ ਰੋਧਕ ਨਾਲ ਡਜ਼ਿਾਈਨ ਨਾ ਕੀਤਾ ਗਆਿ ਹੋਵੇ।

## 2.4 ਅਸੁਰੱਖਿਅਤ ਬਜਿਲਈ ਉਪਕਰਨਾਂ ਨੂੰ ਵਾਪਸ ਮੰਗਵਾਉਣਾ

1. ਜੇਕਰ ਬਜਿਲਈ ਅਤੇ ਮਕੈਨੀਕਲ ਸੇਵਾ ਦਾ ਡਾਇਰੈਕਟਰ ਸਮਝਦਾ ਹੈ ਕਿ ਕੋਈ ਬਜਿਲਈ ਉਤਪਾਦ ਅਸੁਰੱਖਿਅਤ ਹੈ, ਤਾਂ ਉਹ ਪੂਰਤੀਕਰਤਾ (ਸਪਲਾਇਰ) ਨੂੰ ਬਜਿਲਈ ਉਪਕਰਨ ਨੂੰ ਵਾਪਸ ਮੰਗਵਾਉਣ, ਬਜਿਲੀ ਉਪਕਰਨ ਦੀ ਖਰੀਦ ਰਸੀਦ ਸੌਂਪਣ ਤੋਂ ਬਾਅਦ ਖਪਤਕਾਰ ਨੂੰ ਧਨ ਵਾਪਸ ਕਰਨ ਅਤੇ ਟੈਲੀਵਜ਼ਿਨ, ਅਖਬਾਰਾਂ ਅਤੇ ਹੋਰ ਪ੍ਰਭਾਵਸ਼ਾਲੀ ਤਰੀਕਿਆਂ ਰਾਹੀਂ ਸਥਤਿੀ ਬਾਰੇ ਜਨਤਾ ਨੂੰ ਸੂਚਤਿ ਕਰਨ ਦੀ ਮੰਗ ਕਰ ਸਕਦਾ ਹੈ। ਖਪਤਕਾਰਾਂ ਨੂੰ ਉਪਕਰਨ ਅਤੇ ਇਸਦੀ ਖਰੀਦ ਰਸੀਦ ਪ੍ਰਦਾਨ ਕਰਨੀ ਚਾਹੀਦੀ ਹੈ ਅਤੇ ਪੂਰਤੀਕਰਤਾ (ਸਪਲਾਇਰ) ਦੁਆਰਾ ਪ੍ਰਕਾਸ਼ਤਿ ਵਧਿੀ ਦੇ ਅਨੁਸਾਰ ਧਨ ਵਾਪਸੀ ਦੀ ਵਵਿਸਥਾ ਕਰਨੀ ਚਾਹੀਦੀ ਹੈ। ਇਸ ਲਈ ਖਪਤਕਾਰਾਂ ਨੂੰ ਸਲਾਹ ਦੱਿਤੀ ਜਾਂਦੀ ਹੈ ਕਿ ਉਹ ਬਜਿਲਈ ਉਪਕਰਨਾਂ ਨੂੰ ਖਰੀਦਣ ਵੇਲੇ ਰਸੀਦਾਂ ਆਪਣੇ ਕੋਲ ਰੱਖਣ।

ਘਰੇਲੂ ਬਜਿਲੀ ਉਪਕਰਣ ਕੇਂਦਰ

ਪਤਾ : xxxxxxxxxxxxxxxxxxxxxxxxxxxxxxxxxxxxxxxxxxxxxxxxxxxxxxxxxxxxxxxxxxxxx

ਅਧਕਿਾਰਤ ਰਸੀਦ ਤਾਰੀਖ਼ : xx-xx-xxxx

| ਉਤਪਾਦ ਵੇਰਵਾ | ਯੂਨਟਿ ਮੁੱਲ | ਮਾਤਰਾ | ਉਪ-ਕੁੱਲ |
|---|---|---|---|
| | | | |
| | | | |
| | | | |
| | | ਕੁੱਲ | xxx |

# ਭਾਗ 3 ਘਰੇਲੂ ਇਮਾਰਤਾਂ ਵੱਚਿ ਬਜਿਲਈ ਸਥਾਪਨਾਵਾਂ ਲਈ ਸੁਰੱਖਆਿ ਦਸ਼ਿਾ-ਨਰਿਦੇਸ਼

## 3.1 ਬਜਿਲਈ ਸਥਾਪਨਾਵਾਂ ਅਤੇ ਉਨ੍ਹਾਂ ਦੇ ਮਾਲਕ

1. **ਇਮਾਰਤਾਂ ਵੱਚਿ ਜਨਤਕ ਬਜਿਲਈ ਸਥਾਪਨਾਵਾਂ**


- ਇਮਾਰਤ ਦੇ ਅੰਦਰ ਜਨਤਕ ਬਜਿਲਈ ਸਥਾਪਨਾਵਾਂ ਵੱਚਿ ਮੁੱਖ ਸਵੱਚਿ, ਸਬ-ਸਰਕਟ ਸਵੱਚਿ ਅਤੇ ਤਾਰਾਂ (ਜਵਿੇਂ ਕ ਿਰਾਈਜ਼ਰ) ਸ਼ਾਮਲ ਹਨ ਜੋ ਇਮਾਰਤ ਦੇ ਅੰਦਰ ਸਾਰੀਆਂ ਵਅਿਕਤੀਗਤ ਰਹਿਾਇਸ਼ੀ ਇਕਾਈਆਂ ਅਤੇ ਦੁਕਾਨਾਂ ਨੂੰ ਬਜਿਲੀ ਸਪਲਾਈ ਕਰਨ ਲਈ ਵਰਤੀਆਂ ਜਾਂਦੀਆਂ ਹਨ, ਅਤੇ ਹੋਰ ਜਨਤਕ ਬਜਿਲੀ ਸੇਵਾਵਾਂ (ਜਵਿੇਂ ਕ ਿਲਫਿਟਾਂ, ਪਾਣੀ ਦੇ ਪੰਪ ਅਤੇ ਡਓਿਢੀਆਂ ਅਤੇ ਪੌੜੀਆਂ ਵੱਚਿ ਰੋਸ਼ਨੀ) ਸ਼ਾਮਲ ਹਨ।




- ਇਮਾਰਤ ਦੀ ਜਨਤਕ ਬਜਿਲਈ ਸਥਾਪਨਾਵਾਂ ਦੇ ਮਾਲਕਾਂ ਵੱਚਿ ਇਮਾਰਤ ਦੇ ਮਾਲਕਾਂ ਦੀ ਕਾਰਪੋਰੇਸ਼ਨ ਅਤੇ ਜਾਇਦਾਦ ਪ੍ਰਬੰਧਨ ਏਜੰਟ ਸ਼ਾਮਲ ਹੁੰਦੇ ਹਨ। ਮਾਲਕਾਂ ਦੀ ਕਾਰਪੋਰੇਸ਼ਨ ਦੀ ਗੈਰ-ਮੌਜੂਦਗੀ ਵੱਚਿ, ਆਮ ਬਜਿਲੀ ਸਥਾਪਨਾਵਾਂ ਦੇ ਮਾਲਕਾਂ ਵੱਚਿ ਵਅਿਕਤੀਗਤ ਰਹਿਾਇਸ਼ੀ ਇਕਾਈਆਂ ਅਤੇ ਦੁਕਾਨਾਂ ਦੇ ਸਾਰੇ ਮਾਲਕ, ਰਹਣਿ ਵਾਲੇ ਅਤੇ ਕਰਿਾਏਦਾਰ ਸ਼ਾਮਲ ਹੁੰਦੇ ਹਨ।

2. **ਰਿਹਾਇਸ਼ੀ ਇਕਾਈਆਂ ਵੱਿਚ ਬਜਿਲੀ ਦੀਆਂ ਸਥਾਪਨਾਵਾਂ**

- ਇੱਕ ਰਹਿਾਇਸ਼ੀ ਇਕਾਈ ਵੱਿਚ ਬਜਿਲੀ ਦੀਆਂ ਸਥਾਪਨਾਵਾਂ ਵੱਿਚ ਬਜਿਲੀ ਦੇ ਪੈਨਲ, ਤਾਰਾਂ, ਸਵੱਿਚਾਂ, ਸਾਕਟ ਆਊਟਲੇਟ, ਅਤੇ ਕੋਈ ਵੀ ਬਜਿਲਈ ਉਪਕਰਨ ਸ਼ਾਮਲ ਹੁੰਦਾ ਹੈ ਜੋ ਸਾਕਟ ਆਊਟਲੇਟ ਤੋਂ ਇਲਾਵਾ ਕਸਿੇ ਹੋਰ ਸਥਾਨ ਤੋਂ ਬਜਿਲੀ ਪ੍ਰਾਪਤ ਕਰਦਾ ਹੈ।




- ਇੱਕ ਰਹਿਾਇਸ਼ੀ ਇਕਾਈ ਵੱਿਚ ਬਜਿਲੀ ਸਥਾਪਨਾਵਾਂ ਦੇ ਮਾਲਕਾਂ ਵੱਿਚ ਮਕਾਨ ਮਾਲਕ, ਰਹਣਿ ਵਾਲੇ ਅਤੇ ਰਹਿਾਇਸ਼ੀ ਇਕਾਈ ਦੇ ਕਰਿਾਏਦਾਰ ਸ਼ਾਮਲ ਹੁੰਦੇ ਹਨ।

## 3.2 ਬਜਿਲਈ ਸਥਾਪਨਾਵਾਂ ਦੇ ਮਾਲਕਾਂ ਦੀਆਂ ਜ਼ੁੰਮੇਵਾਰੀਆਂ

1. ਬਜਿਲਈ ਦੁਰਘਟਨਾਵਾਂ ਨੂੰ ਵਾਪਰਨ ਤੋਂ ਰੋਕਣ ਲਈ ਉਚਤਿ ਉਪਾਅ ਕਰੋ (ਜਵਿੇਂ ਕ ਿਢੁਕਵੇਂ ਰੱਖ-ਰਖਾਅ ਅਤੇ ਮੁਰੰਮਤ ਦਾ ਪ੍ਰਬੰਧ ਕਰਨਾ)।

2. ਯਕੀਨੀ ਬਣਾਓ ਕ ਿਇਸ ਦੀਆਂ ਬਜਿਲਈ ਸਥਾਪਨਾਵਾਂ ਵੱਿਚ ਕੋਈ ਗੈਰ-ਕਾਨੂੰਨੀ ਜੋੜ ਜਾਂ ਤਬਦੀਲੀਆਂ ਨਹੀ ਹਨ।



3. ਕਸਿ ਵੀ ਬਜਿਲਈ ਕੰਮ (ਜਵਿੇਂ ਕਿ ਬਜਿਲਈ ਸਥਾਪਨਾਵਾਂ ਵਚਿ ਜੋੜ, ਤਬਦੀਲੀਆਂ, ਨਰਿੀਖਣਾਂ, ਟੈਸਟ ਅਤੇ ਮੁਰੰਮਤ) ਕਰਨ ਲਈ ਪੰਜੀਕਰਤਿ ਬਜਿਲਈ ਠੇਕੇਦਾਰਾਂ ਦਾ ਪ੍ਰਬੰਧ ਕਰੋ, ਜਸਿ ਵੱਿਚ ਨਵੀਨੀਕਰਨ ਦੇ ਕੰਮਾਂ ਨਾਲ ਸਬੰਧਤ ਕੰਮ ਸ਼ਾਮਲ ਹਨ। ਪੰਜੀਕਰਤਿ ਬਜਿਲਈ ਠੇਕੇਦਾਰਾਂ ਨੂੰ ਵੱਖ-ਵੱਖ ਕਸਿਮਾਂ ਦੇ ਬਜਿਲਈ ਕੰਮ ਕਰਨ ਲਈ ਉਚਤਿ ਗ੍ਰੇਡਾਂ ਦੇ ਪੰਜੀਕਰਤਿ ਬਜਿਲਈ ਮਸਿਤਰੀਆਂ ਦਾ ਪ੍ਰਬੰਧ ਕਰਨ ਦੀ ਲੋੜ ਹੁੰਦੀ ਹੈ।




4. ਸਮੇਂ-ਸਮੇਂ ਤੇ ਬਜਿਲੀ ਸਥਾਪਨਾਵਾਂ ਦੀ ਜਾਂਚ ਕਰਨ ਲਈ ਪੰਜੀਕਰਤਿ ਬਜਿਲਈ ਠੇਕੇਦਾਰਾਂ ਦਾ ਪ੍ਰਬੰਧ ਕਰੋ।

## 3.3 ਪੰਜੀਕਰਤਿ ਬਜਿਲਈ ਠੇਕੇਦਾਰ ਅਤੇ ਕਰਮਚਾਰੀ

1. ਪੰਜੀਕਰਤਿ ਬਜਿਲਈ ਠੇਕੇਦਾਰਾਂ/ਕਰਮਚਾਰੀਆਂ ਦੀ ਸੂਚੀ ਬਜਿਲਈ ਅਤੇ ਮਕੈਨੀਕਲ ਸੇਵਾ ਵਭਿਾਗ (ਇਲੈਕਟ੍ਰੀਕਲ ਅਤੇ ਮਕੈਨੀਕਲ ਸੇਵਾ ਵਭਿਾਗ (EMSD)) ਦੇ ਪੰਜੀਕਰਨ ਅਤੇ ਲਾਇਸੰਸਿੰਗ ਦਫ਼ਤਰ ਵਖਿ ਉਪਲਬਧ ਹੈ। ਠੇਕੇਦਾਰਾਂ ਦੀ ਸੂਚੀ ਵੱਖ-ਵੱਖ ਜ਼ਲ੍ਹਿਾ ਮਾਮਲਿਆਂ ਦੇ ਦਫ਼ਤਰਾਂ ਦੇ ਸਲਾਹਕਾਰ ਸੇਵਾ ਕੇਂਦਰਾਂ ਤੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

2. ਪੰਜੀਕਰਤਿ ਬਜਿਲਈ ਠੇਕੇਦਾਰਾਂ ਨੂੰ ਲਾਜ਼ਮੀ ਤੌਰ 'ਤੇ ਆਪਣੇ ਪੰਜੀਕਰਨ ਪ੍ਰਮਾਣ-ਪੱਤਰ ਨੂੰ ਆਪਣੇ ਕਾਰੋਬਾਰੀ ਅਹਾਤੇ 'ਤੇ ਕਸਿ ਖਾਸ ਜਗ੍ਹਾ 'ਤੇ ਪ੍ਰਦਰਸ਼ਤਿ ਕਰਨਾ ਚਾਹੀਦਾ ਹੈ।




3. ਪੰਜੀਕਰਤਿ ਬਜਿਲਈ ਕਰਮਚਾਰੀਆਂ ਕੋਲ ਪਛਾਣ ਲਈ ਬਜਿਲਈ ਅਤੇ ਮਕੈਨੀਕਲ ਸੇਵਾ ਵਭਿਾਗ ਦੁਆਰਾ ਜਾਰੀ ਕੀਤਾ ਗਆਿ ਇੱਕ ਪੰਜੀਕਰਨ ਪ੍ਰਮਾਣ-ਪੱਤਰ ਹੁੰਦਾ ਹੈ।






## 3.4 ਸਥਾਪਨਾਵਾਂ, ਵਾਧੇ ਜਾਂ ਤਬਦੀਲੀਆਂ


1. ਨਵੀਆਂ ਬਜਿਲਈ ਸਥਾਪਨਾਵਾਂ ਅਤੇ ਮੌਜੂਦਾ ਬਜਿਲਈ ਸਥਾਪਨਾਵਾਂ ਵੱਿਚ ਕੋਈ ਵੀ ਵਾਧਾ ਜਾਂ ਸੋਧਾਂ ਮੌਜੂਦਾ ਕਾਨੂੰਨੀ ਸੁਰੱਖਆਿ ਲੋੜਾਂ ਦੀ ਪਾਲਣਾ ਕਰਨਗੀਆਂ।





2. ਬਜਿਲਈ ਸਥਾਪਨਾਵਾਂ ਨੂੰ ਜੋੜਨ ਜਾਂ ਸੋਧਣ ਤੋਂ ਪਹਲਿਾਂ, ਮਾਲਕਾਂ ਨੂੰ ਇੱਕ ਸੰਭਾਵੀ ਅਧਐਿਨ ਕਰਨ ਲਈ ਇੱਕ ਪੰਜੀਕਰਤਿ ਬਜਿਲਈ ਠੇਕੇਦਾਰ ਨੂੰ ਨਯਿੁਕਤ ਕਰਨਾ ਚਾਹੀਦਾ ਹੈ। ਮਾਲਕਾਂ ਨੂੰ ਭਵੱਖਿ ਦੀ ਬਜਿਲੀ ਦੀ ਮੰਗ 'ਤੇ ਵੀ ਵਚਿਾਰ ਕਰਨਾ ਚਾਹੀਦਾ ਹੈ ਅਤੇ ਇਹ ਫੈਸਲਾ ਕਰਨਾ ਚਾਹੀਦਾ ਹੈ ਕ ਿਕੀ ਉਹਨਾਂ ਨੂੰ ਸਥਾਪਨਾ ਦੇ ਪ੍ਰਵਾਨਤਿ ਲੋਡ ਨੂੰ ਵਧਾਉਣ ਲਈ ਬਜਿਲੀ ਕੰਪਨੀ ਨੂੰ ਅਰਜ਼ੀ ਦੇਣ ਦੀ ਲੋੜ ਹੈ ਜਾਂ ਨਹੀਂ।



3. ਬਜਿਲਈ ਕੰਮ (ਨਵੀਂ ਸਥਾਪਨਾ, ਜੋੜ, ਤਬਦੀਲੀ ਅਤੇ ਮੁਰੰਮਤ ਸਮੇਤ) ਦੇ ਮੁਕੰਮਲ ਹੋਣ ਤੋਂ ਬਾਅਦ, ਬਜਿਲੀ ਦੀਆਂ ਸਥਾਪਨਾਵਾਂ ਨੂੰ ਸੁਰੂ ਕੀਤੇ ਜਾਣ ਤੋਂ ਪਹਲਿਾਂ ਪੰਜੀਕਰਤਿ ਬਜਿਲਈ ਕਰਮਚਾਰੀਆਂ ਦੁਆਰਾ ਨਰਿੀਖਣ ਅਤੇ ਜਾਂਚ ਕੀਤੀ ਜਾਣੀ ਚਾਹੀਦੀ ਹੈ।



4. ਨਰਿੀਖਣ ਅਤੇ ਜਾਂਚ ਤੋਂ ਬਾਅਦ, ਪੰਜੀਕਰਤਿ ਬਜਿਲਈ ਠੇਕੇਦਾਰ ਅਤੇ ਅਤੇ ਕਰਮਚਾਰੀ ਇਹ ਪੁਸ਼ਟੀ ਕਰਨ ਲਈ ਇੱਕ ਕੰਮ ਪੂਰਾ ਹੋਣ ਦਾ ਪ੍ਰਮਾਣ-ਪੱਤਰ (EMSD ਫਾਰਮ WR1) ਜਾਰੀ ਕਰਨਗੇ ਕਿ ਬਜਿਲਈ ਸਥਾਪਨਾ ਸੁਰੱਖਿਅਤ ਹੈ ਅਤੇ ਕਾਨੂੰਨੀ ਸੁਰੱਖਿਆ ਲੋੜਾਂ ਦੀ ਪਾਲਣਾ ਕਰਦੀ ਹੈ।


EMSD
FORM WR1
THE GOVERNMENT OF THE HONG KONG SPECIAL ADMINISTRATIVE REGION
ELECTRICITY ORDINANCE (CAP. 406)
ELECTRICITY (WIRING) REGULATIONS
WORK COMPLETION CERTIFICATE

ਬਜਿਲੀ ਪ੍ਰਬੰਧਨ ਕਾਨੂੰਨ (ਅਧਿਆਇ 406)

ਬਜਿਲੀ (ਵਾਇਰਿੰਗ) ਨਯਿਮ

ਕੰਮ ਪੂਰਾ ਹੋਣ ਦਾ ਸਰਟੀਫਕਿਟ - ਫਾਰਮ WR1

5. ਮਾਲਕ ਨੂੰ ਇਹ ਪ੍ਰਮਾਣ-ਪੱਤਰ ਬਜਿਲਈ ਅਤੇ ਮਕੈਨੀਕਲ ਸੇਵਾ ਵਭਿਾਗ (EMSD)ਕੋਲ ਜਮ੍ਹਾ ਕਰਨ ਦੀ ਲੋੜ ਨਹੀ ਹੈ। ਹਾਲਾਂਕਿ, ਉਹਨਾਂ ਨੂੰ ਇਸਨੂੰ ਭਵਿੱਖ ਦੇ ਸੰਦਰਭ ਲਈ ਰੱਖਣਾ ਚਾਹੀਦਾ ਹੈ।




## 3.5 ਬਜਿਲਈ ਸਥਾਪਨਾਵਾਂ ਲਈ ਆਮ ਸੁਝਾਅ


1. ਬਜਿਲਈ ਯੰਤਰਾਂ ਵਿੱਚ ਪ੍ਰਭਾਵਸ਼ਾਲੀ ਭੂ-ਸੰਪਰਕ ਵਵਿਸਥਾ ਹੋਣੀ ਚਾਹੀਦੀ ਹੈ। ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਕਸਿੇ ਵੀ ਜ਼ਮੀਨੀ ਕੁਨੈਕਸ਼ਨ ਨੂੰ ਨਾ ਹਟਾਓ।





2. ਨਵੀਆਂ ਬਜਿਲਈ ਸਥਾਪਨਾਵਾਂ ਵਿੱਚ ਛੁਪੀਆਂ ਤਾਰਾਂ ਦੀ ਢੁਕਵੀਂ ਮਕੈਨੀਕਲ ਸੁਰੱਖਿਆ ਹੋਣੀ ਚਾਹੀਦੀ ਹੈ (ਜਵਿੇਂ ਕਿ ਬਜਿਲਈ ਤਾਰ ਦੀ ਸੁਰੱਖਿਆ ਲਈ ਇੱਕ ਨਾਲੀ)।





3. ਬਜਿਲੀ ਦੀਆਂ ਤਾਰਾਂ ਨੂੰ ਟੈਲੀਫੋਨ/ਦੂਰਸੰਚਾਰ ਲਾਈਨਾਂ ਤੋਂ ਵੱਖ ਰੱਖਿਆ ਜਾਣਾ ਚਾਹੀਦਾ ਹੈ। ਇਹ ਦੋ ਕਸਿਮਾਂ ਦੀਆਂ ਤਾਰਾਂ ਇੱਕੋ ਨਾਲੀ ਜਾਂ ਬਜਿਲੀ ਦੇ ਸਰੋਤ ਵਿੱਚ ਉਦੋਂ ਤੱਕ ਸਥਾਪਤ ਨਹੀ ਕੀਤੀਆਂ ਜਾ ਸਕਦੀਆਂ ਜਦੋਂ ਤੱਕ ਖਾਸ ਸੁਰੱਖਿਆ ਲੋੜਾਂ ਪੂਰੀਆਂ ਨਹੀ ਹੁੰਦੀਆਂ।




4. ਵਤਿਰਣ ਬੋਰਡਾਂ ਵਿੱਚ ਹਰੇਕ ਸਰਕਟ ਦੇ ਉਦੇਸ਼ ਨੂੰ ਦਰਸਾਉਣ ਵਾਲੇ ਪਛਾਣ ਲੇਬਲ ਹੋਣੇ ਚਾਹੀਦੇ ਹਨ।




5. ਵੱਡੀ ਮਾਤਰਾ ਵਿੱਚ ਬਜਿਲੀ ਦੀ ਖਪਤ ਕਰਨ ਵਾਲੇ ਉਪਕਰਨਾਂ ਨੂੰ ਇੱਕ ਹੀ ਸਾਕਟ ਤੋਂ ਬਜਿਲੀ ਦੀ ਸਪਲਾਈ ਮਲਿਣੀ ਚਾਹੀਦੀ ਹੈ। ਇਸ ਲਈ, ਕਾਫ਼ੀ ਮਾਤਰਾ ਵਿਚਿ ਸਾਕਟ ਲਗਾਏ ਜਾਣੇ ਚਾਹੀਦੇ ਹਨ।




6. ਬਾਥਰੂਮ ਵਿੱਚਿ ਲਗਾਇਆ ਗਆਿ ਸਾਕਟ ਸ਼ਾਵਰ ਬੇਸਨਿ ਅਤੇ ਬਾਥਟਬ ਤੋਂ ਘੱਟੋ-ਘੱਟ 0.6 ਮੀਟਰ ਦੂਰ ਹੋਣਾ ਚਾਹੀਦਾ ਹੈ।





7. ਸਾਕਟ ਨੂੰ ਕਸਿੇ ਵੀ ਪਾਣੀ ਦੀ ਟੂਟੀ, ਗੈਸ ਨਲ ਅਤੇ ਕੁਕੰਿਗ ਰੇਂਜ ਤੋਂ ਜੰਿਨਾ ਸੰਭਵ ਹੋ ਸਕੇ ਦੂਰ ਲਗਾਇਆ ਜਾਣਾ ਚਾਹੀਦਾ ਹੈ।




8. ਸਾਕਟ ਸਰਕਟ ਵਿੱਚਿ ਇੱਕ ਬਕਾਇਆ ਬਜਿਲੀ-ਪ੍ਰਵਾਹ ਯੰਤਰ (RCD) ਹੋਣਾ ਚਾਹੀਦਾ ਹੈ (ਜਸਿਨੂੰ "ਅਰਥ ਲੀਕੇਜ ਸਰਕਟ ਬ੍ਰੇਕਰ (ELCB)" ਵੀ ਕਹਿਾ ਜਾਂਦਾ ਹੈ)।




9. ਬਾਹਰ ਲੱਗੇ ਰੋਸ਼ਨੀ ਦੇ ਉਪਕਰਨ, ਸਾਕਟ, ਅਤੇ ਸਵੀਚ ਮੌਸਮ-ਰੋਧਕ ਕਿਸਮਾਂ ਦੇ ਹੋਣੇ ਚਾਹੀਦੇ ਹਨ।



10. ਬਾਥਰੂਮ ਵੀਚ ਰੋਸ਼ਨੀ ਦੇ ਉਪਕਰਨ, ਹਵਾ ਨਿਕਾਸ ਪੱਖੇ ਅਤੇ ਬਿਜਲਈ ਪਾਣੀ ਵਾਲੇ ਹੀਟਰ ਦੇ ਸਵੀਚ ਬਾਥਰੂਮ ਦੇ ਬਾਹਰ ਲਗਾਏ ਜਾਣੇ ਚਾਹੀਦੇ ਹਨ।




11. ਬਿਜਲਈ ਸਥਾਪਨਾਵਾਂ ਸੰਬੰਧੀ ਹੋਰ ਸੁਰੱਖਿਆ ਨਿਯਮਾਂ ਲਈ, ਕਿਰਪਾ ਕਰਕੇ ਪੰਜੀਕਰਿਤ ਬਿਜਲਈ ਠੇਕੇਦਾਰਾਂ/ਕਰਮਚਾਰੀਆਂ ਨਾਲ ਸਲਾਹ ਕਰੋ।



## 3.6 ਸਮੇਂ-ਸਮੇਂ 'ਤੇ ਨਿਰੀਖਣ, ਜਾਂਚ ਅਤੇ ਪ੍ਰਮਾਣੀਕਰਣ


1. ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਰਹਿਾਇਸ਼ੀ ਇਕਾਈਆਂ, ਦੁਕਾਨਾਂ ਅਤੇ ਦਫ਼ਤਰਾਂ ਅਤੇ ਕਿਸੇ ਵੀ ਇਮਾਰਤ ਵੀੱਚ ਜਨਤਕ ਬਜਿਲੀ ਸਥਾਪਨਾਵਾਂ ਦਾ ਨਰਿੀਖਣ, ਟੈਸਟ ਅਤੇ ਇੱਕ ਨਯਿਮਤਿ ਟੈਸਟ ਪ੍ਰਮਾਣ-ਪੱਤਰ (EMSD ਫਾਰਮ WR2) ਘੱਟੋ ਘੱਟ ਹਰ 5 ਸਾਲਾਂ ਵੀੱਚ ਪ੍ਰਾਪਤ ਕਰਨਾ ਚਾਹੀਦਾ ਹੈ, ਜੇਕਰ ਪ੍ਰਵਾਨਤਿ ਲੋਡ 100A (ਐਂਪੀਅਰਸ) ਤੋਂ ਵੱਧ ਹੈ।




2. ਜ਼ਆਿਦਾਤਰ ਇਮਾਰਤਾਂ ਵੀੱਚ ਆਮ ਬਜਿਲਈ ਸਥਾਪਨਾਵਾਂ ਦਾ ਪ੍ਰਵਾਨਤਿ ਲੋਡ 100A ਤੋਂ ਵੱਧ ਹੁੰਦਾ ਹੈ, ਜਦੋਂ ਕਿ ਆਮ ਰਹਿਾਇਸੀ ਇਕਾਈਆਂ ਵੀੱਚ ਬਜਿਲਈ ਸਥਾਪਨਾਵਾਂ ਦਾ ਪ੍ਰਵਾਨਤਿ ਲੋਡ ਆਮ ਤੌਰ 'ਤੇ 100A ਤੋਂ ਵੱਧ ਨਹੀਂ ਹੁੰਦਾ ਹੈ।ਜੇਕਰ ਸ਼ੱਕ ਹੋਵੇ, ਤਾਂ ਮਾਲਕ ਪੰਜੀਕਰਤਿ ਬਜਿਲਈ ਠੇਕੇਦਾਰ ਦੁਆਰਾ ਜਾਂਚ ਦਾ ਪ੍ਰਬੰਧ ਕਰ ਸਕਦਾ ਹੈ।



3. ਨਰਿੀਖਣ, ਜਾਂਚ ਅਤੇ ਰੱਖ-ਰਖਾਅ ਤੋਂ ਬਾਅਦ, ਪੰਜੀਕਰਤਿ ਬਜਿਲਈ ਠੇਕੇਦਾਰਾਂ ਅਤੇ ਕਰਮਚਾਰੀਆਂ ਨੂੰ ਇਹ ਪੁਸ਼ਟੀ ਕਰਨ ਲਈ ਸਮੇਂ-ਸਮੇਂ 'ਤੇ ਟੈਸਟ ਪ੍ਰਮਾਣ-ਪੱਤਰ ਜਾਰੀ ਕਰਨ ਦੀ ਲੋੜ ਹੁੰਦੀ ਹੈ ਕਿ ਬਜਿਲਈ ਸਥਾਪਨਾ ਸੁਰੱਖਿਅਤ ਹੈ ਅਤੇ ਕਾਨੂੰਨੀ ਸੁਰੱਖਿਆ ਲੋੜਾਂ ਦੀ ਪਾਲਣਾ ਕਰਦੀ ਹੈ।




4. ਬਜਿਲਈ ਸਥਾਪਨਾ ਦੇ ਮਾਲਕ ਨੂੰ ਲਾਜ਼ਮੀ ਤੌਰ 'ਤੇ ਪੁਸ਼ਟੀ ਲਈ EMSD ਨੂੰ ਪ੍ਰਮਾਣ-ਪੱਤਰ ਜਮ੍ਹਾ ਕਰਨਾ ਚਾਹੀਦਾ ਹੈ। ਇਸ ਤੋਂ ਬਾਅਦ, ਉਨ੍ਹਾਂ ਨੂੰ EMSD ਦੁਆਰਾ ਭਵਿੱਖ ਦੀ ਜਾਂਚ ਲਈ ਪ੍ਰਮਾਣ-ਪੱਤਰ ਨੂੰ ਸਹੀ ਢੰਗ ਨਾਲ ਰੱਖਣਾ ਚਾਹੀਦਾ ਹੈ।

5. ਮਾਲਕ ਪੰਜੀਕਰਤਿ ਬਜਿਲਈ ਠੇਕੇਦਾਰਾਂ/ਕਰਮਚਾਰੀਆਂ ਤੋਂ ਬਜਿਲਈ ਸਥਾਪਨਾਵਾਂ ਦੇ ਨਯਿਮਤ ਨਰਿੀਖਣ ਅਤੇ ਟੈਸਟਾਂ ਦੀ ਸੂਚੀ ਪ੍ਰਾਪਤ ਕਰ ਸਕਦੇ ਹਨ।

## 3.7 ਬਜਿਲਈ ਸਥਾਪਨਾਵਾਂ ਦੀ ਸਹੀ ਵਰਤੋਂ ਅਤੇ ਸਾਂਭ-ਸੰਭਾਲ



1. ਜੇਕਰ ਕਸਿ ਬਜਿਲਈ ਸਥਾਪਨ (ਜਵਿੇਂ ਕਿ ਲੀਕੇਜ ਜਾਂ ਵਾਰ-ਵਾਰ ਟ੍ਰਪਿੰਗਿ) ਦੀ ਸੁਰੱਖਆਿ ਬਾਰੇ ਸ਼ੱਕ ਹਨ, ਤਾਂ ਕਰਿਪਾ ਕਰਕੇ ਪੰਜੀਕਰਤਿ ਬਜਿਲਈ ਠੇਕੇਦਾਰ ਦੁਆਰਾ ਤੁਰੰਤ ਜਾਂਚ ਅਤੇ ਮੁਰੰਮਤ ਦਾ ਪ੍ਰਬੰਧ ਕਰੋ।




2. ਗਿੱਲੇ ਹੱਥਾਂ ਨਾਲ ਕਸਿ ਵੀ ਆਊਟਲੇਟ ਜਾਂ ਸਵਚਿ ਨੂੰ ਛੂਹਣ ਤੋਂ ਬਚੋ।


3. ਸਰਕਟ ਨੂੰ ਜਆਿਦਾ ਗਰਮ ਹੋਣ ਤੋਂ ਰੋਕਣ ਲਈ ਹਰੇਕ ਆਊਟਲੈਟ ਵਚਿ ਸਰਿਫ਼ ਇੱਕ ਅਡੈਪਟਰ ਜਾਂ ਐਕਸਟੈਂਸ਼ਨ ਯੂਨਟਿ ਲਗਾਇਆ ਜਾਣਾ ਚਾਹੀਦਾ ਹੈ।

4. ਸੁਰੱਖਆਿ ਨੂੰ ਯਕੀਨੀ ਬਣਾਉਣ ਲਈ, ਭਾਵੇਂ ਬਜਿਲਈ ਸਥਾਪਨਾ ਦਾ ਪ੍ਰਵਾਨਤਿ ਲੋਡ 100A ਤੋਂ ਵੱਧ ਨਾ ਹੋਵੇ, ਫਰਿ ਵੀ ਬਜਿਲਈ ਸਥਾਪਨਾ ਦੀ ਨਯਿਮਤ ਤੌਰ 'ਤੇ ਨਰੀਖਣ ਅਤੇ ਟੈਸਟ ਕਰਨ ਲਈ ਇੱਕ ਪੰਜੀਕਰਤਿ ਬਜਿਲਈ ਠੇਕੇਦਾਰ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।

5. ਜਦੋਂ ਬਜਿਲੀ ਚਲੀ ਜਾਂਦੀ ਹੈ, ਤਾਂ ਬਜਿਲੀ ਸਪਲਾਈ ਮੁੜ ਸ਼ੁਰੂ ਹੋਣ 'ਤੇ, ਸਰਕਟ ਓਵਰਲੋਡ ਹੋਣ ਤੋਂ ਰੋਕਣ ਲਈ ਮੁੱਖ ਬਜਿਲੀ ਉਪਕਰਨਾਂ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਨਹੀਂ ਤਾਂ ਮੁੜ ਬਜਿਲੀ ਜਾ ਸਕਦੀ ਹੈ।



## 3.8 ਬਜਿਲਈ ਸਥਾਪਨਾਵਾਂ ਵੱਚਿ ਆਮ ਤੌਰ 'ਤੇ ਪਾਏ ਜਾਂਦੇ ਨੁਕਸ





1. ਰੱਖ-ਰਖਾਅ ਅਤੇ ਮੁਰੰਮਤ ਦੀ ਘਾਟ ਕਾਰਨ ਪੈਦਾ ਹੋਈ ਅਸਥਰਿ, ਪੁਰਾਣੀਆਂ ਅਤੇ ਖਰਾਬ ਹੋ ਗਈਆਂ ਬਜਿਲੀ ਦੀਆਂ ਤਾਰਾਂ।

2. ਸੰਚਾਲਕ ਹੱਸਿਆਂ ਸਹਤਿ ਬਜਿਲੀ ਦੀਆਂ ਨੰਗੀਆਂ ਤਾਰਾਂ।

3. ਅਣਵਰਤੀਆਂ ਜਾਂ ਰੱਦ ਕੀਤੀਆਂ ਤਾਰਾਂ ਨੂੰ ਹਟਾਇਆ ਨਹੀਂ ਗਆਿ ਹੈ।


4. ਬਜਿਲਈ ਸਥਾਪਨਾਵਾਂ ਪੁਰਾਣੇ ਹੋਣ ਜਾਂ ਰੱਖ-ਰਖਾਅ ਦੀ ਘਾਟ ਕਾਰਨ ਪ੍ਰਭਾਵਸ਼ਾਲੀ ਢੰਗ ਨਾਲ ਭੂ-ਸੰਪਰਕ ਵਚਿ ਨਹੀਂ ਹਨ।

5. ਬਜਿਲਈ ਉਪਕਰਨਾਂ ਦੀ ਗੈਰ-ਕਾਨੂੰਨੀ ਸਥਾਪਨਾ ਜਾਂ ਸੋਧ, ਨਤੀਜੇ ਵਜੋਂ ਜਆਿਦਾ ਗਰਮ ਹੋ ਜਾਣਾ।

6. ਪਛਾਣ ਲੇਬਲ ਅਤੇ ਚੇਤਾਵਨੀਆਂ ਨੋਟਸਿ ਦੀ ਘਾਟ



7. ਸਵੱਚਿ ਰੂਮ ਨੂੰ ਸਟੋਰੇਜ ਰੂਮ ਵਜੋਂ ਵਰਤਆਿ ਜਾਂਦਾ ਹੈ।



8. ਸਵੱਚਿ ਜਾਂ ਵਤਿਰਣ ਬੋਰਡਾਂ ਤੱਕ ਪਹੁੰਚ ਵੱਚਿ ਰੁਕਾਵਟ ਪਾਈ ਜਾ ਰਹੀ ਹੈ।

# ਭਾਗ 4 ਪੁੱਛਗਿੱਛ ਜਾਂ ਸ਼ਿਕਾਇਤਾਂ

ਜੇਕਰ ਤੁਹਾਨੂੰ ਅਸੁਰੱਖਿਅਤ ਘਰੇਲੂ ਉਪਕਰਨਾਂ ਜਾਂ ਅਸੁਰੱਖਿਅਤ ਬਜਿਲਈ ਸਥਾਪਨਾਵਾਂ ਦੀ ਸਪਲਾਈ ਬਾਰੇ ਸ਼ਿਕਾਇਤ ਹੈ, ਤਾਂ ਤੁਸੀ ਬਜਿਲਈ ਅਤੇ ਮਕੈਨੀਕਲ ਸੇਵਾ ਵਭਿਾਗ (EMSD) ਨਾਲ ਸੰਪਰਕ ਕਰ ਸਕਦੇ ਹੋ। ਇਸ ਤੋਂ ਇਲਾਵਾ, ਤੁਸੀ ਬਜਿਲਈ ਅਤੇ ਮਕੈਨੀਕਲ ਸੇਵਾ ਵਭਿਾਗ (EMSD) ਤੋਂ ਆਮ ਬਜਿਲੀ ਸੁਰੱਖਿਆ ਮਾਮਲਿਆਂ ਅਤੇ ਸੰਬੰਧਤਿ ਕਾਨੂੰਨੀ ਲੋੜਾਂ ਬਾਰੇ ਵੀ ਪੁੱਛ-ਗਿੱਛ ਕਰ ਸਕਦੇ ਹੋ।



Note : The translation was done by a support service centre for Ethnic Minorities to translate the English version of Household Electrical Safety Handbook into various languages. If there is any inconsistency or ambiguity between the English version and the translated versions, the English version shall prevail. In addition, this handbook is NOT a statutory document and is prepared for general information only.

ਨੋਟ: ਇਹ ਅਨੁਵਾਦ ਘੱਟ-ਗਣਿਤੀਆਂ ਨੂੰ ਸਹਾਇਤਾ ਦੇਣ ਵਾਲੇ ਇੱਕ ਸੇਵਾ ਕੇਂਦਰ ਦੁਆਰਾ ਘਰੇਲੂ ਬਜਿਲੀ ਸੁਰੱਖਿਆ ਕਤਿਾਬਚੇ ਦੇ ਅੰਗਰੇਜ਼ੀ ਸੰਸਕਰਣ ਦਾ ਵੱਖ-ਵੱਖ ਭਾਸ਼ਾਵਾਂ ਵਿੱਚ ਅਨੁਵਾਦ ਕਰਨ ਲਈ ਕੀਤਾ ਗਿਆ ਸੀ। ਜੇਕਰ ਅੰਗਰੇਜ਼ੀ ਸੰਸਕਰਣ ਅਤੇ ਅਨੁਵਾਦਤਿ ਸੰਸਕਰਣਾਂ ਵਿੱਚ ਕੋਈ ਫਰਕ ਜਾਂ ਅਸਪੱਸ਼ਟਤਾ ਹੈ, ਤਾਂ ਅੰਗਰੇਜ਼ੀ ਸੰਸਕਰਣ ਲਾਗੂ ਹੋਵੇਗਾ। ਇਸ ਤੋਂ ਇਲਾਵਾ, ਇਹ ਕਤਿਾਬਚਾ ਇੱਕ ਕਾਨੂੰਨੀ ਦਸਤਾਵੇਜ਼ ਨਹੀਂ ਹੈ ਅਤੇ ਸਰਿਫ ਆਮ ਜਾਣਕਾਰੀ ਲਈ ਤਆਿਰ ਕੀਤਾ ਗਿਆ ਹੈ।

機電工程署　電力法例部
Electricity Legislation Division
Electrical and Mechanical Services Department

香港九龍啟成街 3 號
3 Kai Shing Street, Kowloon, Hong Kong
電話 Tel : (852) 1823
傳真 Fax : (852) 2895 4929
網址 Website : http://www.emsd.gov.hk
電郵 E-mail : info@emsd.gov.hk

機電工程署
EMSD